# ਦੇਸ਼ ਦੁਆਬਾ

VOL - 2 ISSUE - 19

December 16-31, 2013

www.deshdoaba.com

www.ambedkartimes.com


ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ" ਵੱਲੋਂ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ 'ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਮਾਸਟਰ ਐਚ. ਐਲ. ਕਪੂਰ ਜੀ ਦਾ ਵਿਸ਼ੇਸ਼ ਲੇਖ ਅੰਦਰ ਪੜ੍ਹੋ




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## "ਅਦਾਰਾ ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵੱਲੋਂ ਮੈਰੀ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਲੱਖ ਲੱਖ ਮੁਬਾਰਕਾਂ

## ਨੈਲਸਨ ਮੰਡੇਲਾ ਨੂੰ ਹੰਝੂਆਂ ਭਰੀ ਅੰਤਿਮ ਵਿਦਾਇਗੀ

### ਮਦੀਬਾ ਦੀ ਦੇਹ ਜੱਦੀ ਪਿੰਡ ਵਿੱਚ ਦਫ਼ਨਾਈ



ਕੂਨੂ (ਦੱਖਣੀ ਅਫਰੀਕਾ)- ਦੱਖਣੀ ਅਫਰੀਕਾ ਦੇ ਪਹਿਲੇ ਕਾਲੇ ਰਾਸ਼ਟਰਪਤੀ ਨੈਲਸਨ ਮੰਡੇਲਾ ਨੂੰ ਅੱਜ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਮਿੱਤਰਾਂ ਅਤੇ ਵਿਸ਼ਵ ਭਰ ਦੇ ਆਗੂਆਂ ਨੇ ਹੰਝੂਆਂ ਭਰੀ ਵਿਦਾਇਗੀ ਦਿੱਤੀ। ਨਸਲੀ ਪੱਖਪਾਤ ਵਿਰੋਧੀ ਮੰਡੇਲਾ ਨੂੰ ਉਨ੍ਹਾਂ ਦੇ ਜੱਦੀ ਪਿੰਡ ਕੂਨੂ ਵਿੱਚ ਦਫਨਾਇਆ ਗਿਆ।

ਮੰਡੇਲਾ ਦੀ ਦੇਹ ਵਾਲੇ ਤਾਬੂਤ ਨੂੰ ਫੌਜੀ ਜਵਾਨਾਂ ਦੀ ਅਗਵਾਈ ਵਿੱਚ ਉਨ੍ਹਾਂ ਦੇ ਪਿੰਡ ਲਿਜਾਇਆ ਗਿਆ, ਜਿੱਥੇ ਰਵਾਇਤੀ ਢੰਗ ਨਾਲ ਉਨ੍ਹਾਂ ਨੂੰ ਵਿਦ-ਾਇਗੀ ਦਿੱਤੀ ਗਈ। ਇਸ ਮੌਕੇ 'ਮਦੀਬਾ' ਦੇ ਕੈਦੀ ਤੋਂ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਤਕ ਦੇ ਸਫ਼ਰ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਘੋਲ ਨੂੰ ਯਾਦ ਕੀਤਾ ਗਿਆ।

ਮੰਡੇਲਾ ਦੀ ਦੇਹ ਵਾਲਾ ਤਾਬੂਤ ਜਦੋਂ ਕਬਰ 'ਤੇ ਰੱਖਿਆ ਗਿਆ ਤਾਂ ਫੌਜ ਦੇ ਲੜਾਕੂ ਜਹਾਜ਼ ਤੇ ਹੈਲੀਕਾਪਟਰ ਇਸ 'ਤੇ ਉੱਡਦੇ ਰਹੇ। ਦੱਖਣੀ ਅਫਰੀਕਾ ਦੇ ਟੀਵੀ ਚੈਨਲ 'ਤੇ ਇਹ ਅੰਤਿਮ ਰਸਮਾਂ ਦਿਖਾਈਆਂ ਗਈਆਂ ਪਰ ਤਾਬੂਤ ਨੂੰ ਕਬਰ 'ਚ ਰੱਖਣ ਤੋਂ ਐਨ ਪਹਿਲਾਂ ਪ੍ਰਸਾਰਨ ਰੋਕ ਦਿੱਤਾ ਗਿਆ। ਇਸ ਵਿਦਾਇਗੀ ਦੇ ਨਾਲ ਹੀ ਅੱਜ ਦਸ ਦਿਨਾਂ ਤੋਂ ਚੱਲ ਰਿਹਾ ਕੌਮੀ ਸ਼ੋਕ ਸਮਾਪਤ ਹੋ ਗਿਆ। ਜ਼ਿਕਰਯੋਗ ਹੈ ਕਿ ਵਿਸ਼ਵ ਸ਼ਾਂਤੀ ਦੂਤ ਮੰਡੇਲਾ ਦਾ ਪੰਜ ਦਸੰਬਰ ਨੂੰ ਦੇਹਾਂਤ ਹੋ ਗਿਆ ਸੀ।

ਮੰਡੇਲਾ ਨੂੰ ਵਿਦਾਈ ਦੇਣ ਲਈ ਕਬਾਇਲੀ ਆਗੂ ਪਸ਼ੂਆਂ ਦੀ ਖੱਲਾਂ ਵਿੱਚ ਆਏ ਸਨ। ਇਸ ਮੌਕੇ 95 ਮੋਮਬੱਤੀਆਂ ਜਲਾਈਆਂ ਗਈਆਂ, ਜੋ ਉਨ੍ਹਾਂ ਦੇ 95 ਸਾਲ ਦੀ ਜ਼ਿੰਦਗੀ ਨੂੰ ਦਰਸਾਉਂਦੀਆਂ ਸਨ। ਇਸ ਮੌਕੇ ਸੰਬੋਧਨ ਕਰਦਿਆਂ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜ਼ੂਮਾ ਨੇ ਦੱਖਣੀ ਅਫਰੀਕਾ 'ਚੋਂ ਗ਼ਰੀਬੀ, ਬੇਰੁਜ਼ਗਾਰੀ ਅਤੇ ਅਪਰਾਧ ਨੂੰ ਖ਼ਤਮ ਕਰਨ ਬਾਰੇ ਮੰਡੇਲਾ ਦੇ ਵਿਚਾਰਾਂ 'ਤੇ ਪਹਿਰਾ ਦੇਣ ਦਾ ਅਹਿਦ ਲਿਆ।

ਮੰਡੇਲਾ ਨੂੰ ਅੰਤਿਮ ਵਿਦਾਇਗੀ ਦੇਣ ਵਾਲਿਆਂ ਵਿੱਚ ਇੰਗਲੈਂਡ ਦੇ ਪ੍ਰਿੰਸ ਚਾਰਲਸ, ਇਰਾਨ ਦੇ ਉਪ ਰਾਸ਼ਟਰਪਤੀ ਅਤੇ ਅਫਰੀਕੀ ਦੇਸ਼ਾਂ ਦੇ ਰਾਸ਼ਟਰਪਤੀ ਸ਼ਾਮਲ ਸਨ। ਮੰਡੇਲਾ ਨੂੰ 21 ਬੰਦੂਕਾਂ ਦੀ ਸਲਾਮੀ ਦਿੱਤੀ ਗਈ।


## ਸਾਡਾ ਨਵਾਂ ਫੋਨ ਨੰਬਰ

ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਨਾਲ ਸੰਪਰਕ ਕਰਨ ਲਈ ਨਵਾਂ ਨੰਬਰ ਹੈ 916-947-8920 ਪਿਛਲੇ ਅੰਕ ਵਿਚ ਸਾਡਾ ਨੰਬਰ ਗਲਤ ਲਿਖਿਆ ਗਿਆ ਸੀ। ਪਾਠਕਾਂ ਨੂੰ ਹੋਈ ਤਕਲੀਫ ਲਈ ਮੁਆਫੀ ਚਾਹੁੰਦੇ ਹਾਂ।

-ਸੰਪਾਦਕ

# ਡਿਪਲੋਮੈਟ ਬਦਸਲੂਕੀ ਮਾਮਲਾ

## ਮਾੜੇ ਵਤੀਰੇ ਦੀ ਜਾਂਚ ਕਰੇਗਾ ਅਮਰੀਕਾ



ਨਵੀਂ ਦਿੱਲੀ— ਨਿਊਯਾਰਕ ਵਿਚ ਭਾਰਤੀ ਡਿਪਲੋਮੈਟ ਨਾਲ ਦੇਵਿਆਨੀ ਖੋਬਰਾਗਡੇ ਦੇ ਨਾਲ ਬਦਸਲੂਕੀ ਦਾ ਮਾਮਲਾ ਪੂਰੀ ਤਰ੍ਹਾਂ ਨਾਲ ਭੱਖ ਗਿਆ ਹੈ ਅਤੇ ਭਾਰਤ ਨੇ ਮਾਮਲੇ 'ਚ ਸਖਤ ਰੁਖ ਅਪਣਾਉਂਦੇ ਹੋਏ ਕਿਹਾ ਹੈ ਕਿ ਅਮ-ਰੀਕਾ ਬਿਨਾਂ ਸ਼ਰਤ ਦੇ ਮੁਆਫੀ ਮੰਗੇ। ਇਸ ਤੋਂ ਪਹਿਲਾਂ ਭਾਰਤ ਨੇ ਅਮਰੀਕੀ ਡਿਪਲੋਮੈਟਾਂ ਕੋਲੋਂ ਉਨ੍ਹਾਂ ਦੇ ਆਈ ਕਾਰਡ ਵਾਪਸ ਮੰਗੇ ਸਨ। ਦੇਵਿਆਨੀ ਨਾਲ ਹੋਈ ਬਦਸਲੂਕੀ ਤੋਂ ਬਾਅਦ ਭਾਰਤੀ ਸਰਕਾਰ ਅਮਰੀਕੀ ਡਿਪਲੋਮੈਟਾਂ ਨੂੰ ਮਿਲਣ ਵਾਲੀ ਛੋਟ ਅਤੇ ਲਾਭਾਂ ਦੀ ਸਮੀਖਿਆ ਕਰਨਾ ਚਾਹੁੰਦੀ ਹੈ।

ਦੱਸਿਆ ਜਾ ਰਿਹਾ ਹੈ ਕਿ ਗ੍ਰਿਫਤਾਰੀ ਤੋਂ ਬਾਅਦ ਨਿਊਯਾਰਕ ਵਿਚ ਪੁਲਸ ਨੇ ਦੇਵਿਆਨੀ ਦੇ ਨਾਲ ਦੁਰਵਿਵਹਾਰ ਕੀਤਾ। ਪੁਲਸ ਹਿਰਾਸਤ ਵਿਚ ਉਨ੍ਹਾਂ ਦੇ ਕੱਪੜੇ ਉਤਾਰ ਕੇ ਤਲਾਸ਼ੀ ਲਈ ਗਈ ਅਤੇ ਉਨ੍ਹਾਂ ਨੂੰ ਦੋਸ਼ੀਆਂ, ਨਸ਼ੇੜੀਆਂ ਅਤੇ ਸੈਕਸ ਵਰਕਰਾਂ ਦੇ ਨਾਲ ਖੜ੍ਹਾ ਕੀਤਾ ਗਿਆ। 1999 ਬੈਚ ਦੀ ਆਈ. ਐਫ. ਐਸ. ਅਧਿਕਾਰੀ ਖੋਬਰਾਗਡੇ ਨੂੰ ਵੀਜ਼ਾ ਧੋਖੀਧੜੀ ਦੇ ਦੋਸ਼ਾਂ ਵਿਚ ਜਨਤਕ ਤੌਰ 'ਤੇ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਆਪਣੀ ਬੇਟੀ ਨੂੰ ਸਕੂਲ ਛੱਡ ਰਹੀ ਸੀ। 39 ਸਾਲਾਂ ਭਾਰਤੀ ਡਿਪਲੋਮੈਟ ਨੂੰ ਸ਼ਰੇਆਮ ਹੱਥਕੜੀ ਪਹਿਨਾਈ ਗਈ। ਜਦੋਂ ਉਨ੍ਹਾਂ ਨੇ ਵਿਰੋਧ ਕੀਤਾ ਅਤੇ ਕਿਹਾ ਕਿ ਉਹ ਡਿਪਲੋਮੈਟ ਹੈ ਅਤੇ ਇਸ ਤਰ੍ਹਾਂ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ ਪਰ ਉਨ੍ਹਾਂ ਦੀਆਂ ਸਾਰੀਆਂ ਦਲੀਲਾਂ ਨੂੰ ਅਣਸੁਣਿਆ ਕਰ ਦਿੱਤਾ ਗਿਆ। ਅਦਾਲਤ ਵਿਚ ਵੀ ਦੋਸ਼ੀ ਸਾਬਤ ਨਾ ਹੋਣ 'ਤੇ ਵੀ ਉਨ੍ਹਾਂ ਨੂੰ ਢਾਈ ਲੱਖ ਡਾਲਰ ਦੇ ਬਾਂਡ 'ਤੇ ਛੱਡਿਆ ਗਿਆ ਸੀ।

ਦੇਵਯਾਨੀ ਖੋ-ਬਰਗੜੇ ਨਾਲ ਕੀਤੇ ਗਏ ਮਾੜੇ ਸਲੂਕ ਖਿਲਾਫ਼ ਭਾਰਤ ਵੱਲੋਂ ਅਪਣਾਏ ਸਖ਼ਤ ਰੁਖ਼ ਨੇ ਅਮਰੀਕਾ ਨੂੰ ਵੀ 'ਚਾਨਣ' ਕਰ ਦਿੱਤਾ ਹੈ ਤੇ ਉਸ ਨੇ ਸਮੁੱਚੇ ਮਾਮਲੇ 'ਤੇ 'ਨਜ਼ਰਸਾਨੀ' ਕਰਨ ਦਾ ਭਰੋਸਾ ਦਿੱਤਾ ਹੈ। ਦੂਜੇ ਪਾਸੇ ਉਸ ਦੇ ਮਾਰਸ਼ਲਾਂ ਨੇ ਮੰਨਿਆ ਹੈ ਕਿ ਦੇਵਯਾਨੀ ਦੀ ਜਾਮਾ ਤਲਾਸ਼ੀ ਨਿਯਮਾਂ ਅਨੁਸਾਰ ਹੀ ਕੀਤੀ ਗਈ। ਇਸ ਗੰਭੀਰ ਮਾਮਲੇ 'ਤੇ ਅੱਜ ਸੰਸਦ ਵਿੱਚ ਵੀ ਰੌਲਾ ਪਿਆ ਤੇ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਕਿ ਭਾਰਤੀ ਡਿਪਲੋਮੈਟ ਦੀ ਗ੍ਰਿਫ਼ਤਾਰੀ ਤੇ ਜਾਮਾ ਤਲਾਸ਼ੀ 'ਸਾਜ਼ਿਸ਼' ਦਾ ਨਤੀਜਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮੈਰੀ ਹਰਫ਼ ਨੇ ਕਿਹਾ, "ਅਸੀਂ ਮੰਨਦੇ ਹਾਂ ਕਿ ਦੇਵਯਾਨੀ ਮਾਮਲਾ ਬਹੁਤ ਸਾਰੇ ਭਾਰਤੀਆਂ ਲਈ ਸੰਵੇਦਨਸ਼ੀਲ ਹੈ। ਅਸੀਂ ਇਸ ਮਾਮਲੇ 'ਤੇ (ਬਾਕੀ ਸਫਾ ਤੇ)

## ਕੇਂਦਰ ਦੇ ਰੁਖ ਨਾਲ ਉਜਾਗਰ ਹੋਈ ਦਲਿਤ ਵਿਰੋਧੀ ਮਾਨਸਿਕਤਾ

ਨਵੀਂ ਦਿੱਲੀ- ਅਮਰੀਕਾ ਵਿਚ ਭਾਰਤੀ ਡਿਪਲੋਮੈਟ ਦੇਵਯਾਨੀ ਖੋਬਰਾਗੜੇ ਨੂੰ ਹੱਥਕੜੀ ਲਗਾ ਕੇ



ਗ੍ਰਿਫਤਾਰ ਕਰਨ ਅਤੇ ਉਨ੍ਹਾਂ ਦੀ ਕੱਪੜੇ ਉਤਾਰ ਕੇ ਲਈ ਗਈ ਤਲਾਸ਼ੀ ਦੀ ਘਟਨਾ 'ਤੇ ਕੇਂਦਰ 'ਤੇ ਗੰਭੀਰ ਨਾ ਹੋਣ ਦਾ ਦੋਸ਼ ਲਗਾਉਂਦੇ ਹੋਏ ਬਸਪਾ ਸੁਪਰੀਮੋ ਮਾਇਆਵਤੀ ਨੇ ਬੁੱਧਵਾਰ ਨੂੰ ਕਿਹਾ ਕਿ ਇਸ ਨਾਲ ਸਰਕਾਰ ਦੀ ਦਲਿਤ ਵਿਰੋਧੀ ਮਾਨਸਿਕਤਾ ਉਜਾਗਰ ਹੋਈ ਹੈ। ਮਾਇਆਵਤੀ ਨੇ ਸੰਸਦ ਭਵਨ ਕੰਪਲੈਕਸ ਵਿਚ ਪੱਤਰਕਾਰਾਂ ਨੂੰ ਕਿਹਾ, "ਅਮਰੀਕਾ ਵਿਚ ਦਲਿਤ ਮਹਿਲਾ ਡਿਪਲੋਮੈਟ ਨਾਲ ਜੋ ਕੁਝ ਹੋਇਆ ਉਸ ਨੂੰ ਅਸੀਂ ਨਜ਼ਰ ਅੰਦਾਜ਼ ਨਹੀਂ ਕਰ ਸਕਦੇ ਹਾਂ। ਇਸ ਗੱਲ ਨੂੰ ਅੱਗੇ ਵਧਾਉਂਦੇ ਹੋਏ ਸਾਬਕਾ ਮੁੱਖ ਮੰਤਰੀ ਬੀਬੀ ਮਾਇਆਵਤੀ ਨੇ ਕਿਹਾ ਕਿ "ਜੇਕਰ ਉਨ੍ਹਾਂ ਦੀ ਥਾਂ 'ਤੇ ਦੂਜੀ ਮਹਿਲਾ ਹੁੰਦੀ ਤਾਂ ਹੁਣ ਤੱਕ ਸਰਕਾਰ ਮਹੱਤਵਪੂਰਨ ਕਦਮ ਉਠਾ ਚੁੱਕੀ ਹੁੰਦੀ।

ਪਰ ਇਸ ਘਟਨਾ ਦੇ ਕਾਫੀ ਦਿਨ ਬਾਅਦ ਵੀ ਸਰਕਾਰ ਨੇ ਸਖਤ ਕਦਮ ਨਹੀਂ ਚੁੱਕਿਆ ਹੈ। ਸਰਕਾਰ ਨੇ ਜੋ ਵੀ ਕੀਤਾ ਹੈ, ਉਹ ਸਪੱਸ਼ਟ ਨਹੀਂ ਹੈ। ਅਜਿਹਾ ਲੱਗਦਾ ਹੈ ਕਿ ਸਰਕਾਰ ਅਜੇ ਤੱਕ ਇਸ ਮਾਮਲੇ ਵਿਚ ਗੰਭੀਰ ਨਹੀਂ ਹੈ। ਇਹ ਮਹੱਤਵਪੂਰਨ ਰਾਸ਼ਟਰੀ ਮੁੱਦਾ ਹੈ।" ਮਾਇਆਵਤੀ ਨੇ ਅਮਰੀਕੀ ਸਰਕਾਰ ਨੂੰ ਭਾਰਤ ਤੋਂ ਮੁਆਫੀ ਮੰਗਣ ਅਤੇ ਮਹਿਲਾ ਖਿਲਾਫ ਸਾਰੇ ਦੋਸ਼ਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹ ਕਿ ਜੇਕਰ ਅਮਰੀਕਾ ਅਜਿਹਾ ਨਹੀਂ ਕਰਦਾ ਹੈ ਤਾਂ ਭਾਰਤ ਨੂੰ ਸੰਬੰਧਾਂ 'ਤੇ ਫਿਰ ਤੋਂ ਵਿਚਾਰ ਕਰਨਾ ਚਾਹੀਦਾ ਹੈ।

## ਬਾਦਲ ਨੇ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਤੋਂ ਕੀਤੇ ਹੱਥ ਖੜ੍ਹੇ!

ਜਲੰਧਰ - ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਜਿੰਨ੍ਹਾਂ ਸਿੱਖ ਕੈਦੀਆਂ ਦੀ ਰਿਹਾਈ ਨੂੰ ਲੈ ਕੇ ਗੁਰਬਖਸ਼ ਸਿੰਘ ਖਾਲਸਾ ਭੁੱਖ ਹੜਤਾਲ ਕਰ ਰਹੇ ਹਨ ਪੰਜਾਬ ਸਰਕਾਰ ਦਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ। ਜਲੰਧਰ ਵਿਚ ਮੀਡੀਆ ਨਾਲ ਗੱਲਬਾਤ ਕਰਦੇ ਬਾਦਲ ਨੇ ਕਿਹਾ ਕਿ ਇਹ ਕੈਦੀ ਪੰਜਾਬ ਦੀਆਂ ਜੇਲਾਂ ਵਿਚ ਨਹੀਂ ਹਨ ਲਿਹਾਜਾ ਪੰਜਾਬ ਸਰਕਾਰ ਇਸ ਵਿਚ ਕੁਝ ਨਹੀਂ ਕਰ ਸਕਦੀ।



ਇਸ ਵਿਚਕਾਰ ਇਨ੍ਹਾਂ ਸਿੱਖ ਕੈਦੀਆਂ ਦੀ ਰਿਹਾਈ ਲਈ ਮੋਹਾਲੀ ਵਿਚ ਗੁਰਬਖਸ਼ ਸਿੰਘ ਖਾਲਸਾ ਦਾ ਮਰਨ ਵਰਤ ਬੁੱਧਵਾਰ ਨੂੰ ਵੀ ਜਾਰੀ ਰਿਹਾ। ਗੁਰਬਖਸ਼ ਸਿੰਘ ਦੇ ਸਮਰੱਥਣ ਵਿਚ ਆਈਆਂ ਸਿੱਖ ਜੱਥੇਬੰਦੀਆਂ ਨੇ ਇਨ੍ਹਾਂ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਮੋਹਾਲੀ ਦੇ ਐਸ.ਡੀ.ਐਮ. ਨੂੰ ਮੰਗ ਪੱਤਰ ਵੀ ਦਿੱਤਾ। ਭਾਈ ਗੁਰਬਖਸ਼ ਸਿੰਘ ਖਾਲਸਾ ਨੂੰ ਇਸ ਮੁੱਦੇ 'ਤੇ ਪੰਜਾਬੀ ਗਾਇਕਾਂ ਦਾ ਵੀ ਸਾਥ ਮਿਲ ਰਿਹਾ ਹੈ। ਹੁਣ ਤੱਕ ਗੁਰਦਾਸ ਮਾਨ, ਗਿੱਪੀ ਗਰੇਵਾਲ, ਕੇ.ਐਸ. ਮੱਖਣ ਅਤੇ ਸ਼ੈਰੀ ਮਾਨ ਇਸ ਮਾਮਲੇ 'ਚ ਗੁਰਬਖਸ਼ ਸਿੰਘ ਨੂੰ ਸਮਰੱਥਣ ਦਿੱਤਾ ਹੈ।




MAJESTIC HOMES

RAMESH SUMAN
Broker Realtor
RCS-D™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

SAROAY INVESTMENT REALTY




39039 Paseo Padre Parkway
Suite # 205
Fremont, CA 94538

Ram Saroay
Broker

Office: (510) 742-8120, Fax: (510) 742-8121
ramsaroay@hotmail.com

# INDIA MARKET



ਕਸ਼ਮੀਰ ਸਿੰਘ ਹੀਰਾ

ਇੰਡੀਆ ਮਾਰਕੀਟ ਵੱਲੋਂ ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੁਕਾਈ ਨੂੰ ਨਵੇਂ ਸਾਲ 2014 ਦੀਆਂ ਲੱਖ-ਲੱਖ ਵਧਾਈਆਂ



WE ACCEPT FOOD STAMPS



ਗੁਰਪਾਲ ਬੰਗੜ

Sweets Spices Chaat House

We accept EBT cards

916-786-7666

1265 Pleasant Grove Blvd.
# 100 Roseville, CA 95747

We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & more!

We accept EBT cards

916-338-5511

5203 Elkhorn Blvd.Sacramento, CA 95842

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS

ONE STOP SHOPPING CENTER

29576 Mission Blvd, Hayward, CA 94544
Visit us on the Web at www.kashfabrics.com

Phone: 510-538-1138

ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੁਕਾਈ ਨੂੰ ਨਵੇਂ ਸਾਲ 2014 ਦੀਆਂ ਲੱਖ-ਲੱਖ ਵਧਾਈਆਂ




ਤਿੰਨ ਪੀਸ ਸੂਟ ਸਿਰਫ 25 $ ਵਿਚ



# ਸਭ ਤੋਂ ਪਹਿਲਾਂ ਅਤੇ ਪਹਿਲੀ ਵਾਰ ਡਾ: ਅੰਬੇਦਕਰ ਜੀ ਦਾ 57ਵਾਂ ਪ੍ਰੀਨਿਰਵਾਣ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਨਾਇਆ ਗਿਆ

















ਯੂਬਾ ਸਿਟੀ (ਦਿਲਵਿੰਦਰ ਰੱਲ੍ਹ)- ਕੈਲੇਫੋਰਨੀਆ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਇਤਿਹਾਸ ਅੰਦਰ ਸ਼ਾਇਦ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਭਾਰਤ ਰਤਨ ਬਾਬਾ ਸਾਹਿਬ ਡਾ ਭੀਮਰਾਓ ਰਾਮ ਜੀ ਅੰਬੇਦਕਰ ਜੀ ਦੇ 57ਵੇਂ ਪ੍ਰੀਨਿਰਵਾਣ ਦਿਵਸ ਮੌਕੇ ਸਭ ਤੋਂ ਪਹਿਲਾਂ 6 ਦਸੰਬਰ ਨੂੰ ਗੁਰੂ ਘਰ ਵਿਚ ਸਥਾਪਤ ਬਾਬਾ ਸਾਹਿਬ ਦੀ ਤਸਵੀਰ ਅੱਗੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਤੇ ਇਸ ਮੌਕੇ ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਉਚੇਚੇ ਤੌਰ ਤੇ ਗੁਰੂ ਘਰ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਲਈ ਪਧਾਰੇ। ਉਸੇ ਹੀ ਦਿਨ ਇਹ ਵੀ ਫੈਸਲਾ ਲਿਆ ਗਿਆ ਕਿ ਗੁਰੂ ਘਰ ਵਿਖੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਸ਼ਰਧਾਂਜਲੀ ਦੇਣ ਲਈ ਸ੍ਰੀ ਅਖੰਡ ਪਾਠ ਰਖਾਏ ਜਾਣ।

ਇਸੇ ਸਬੰਧ ਵਿਚ 13 ਦਸੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਈ ਅਤੇ 15 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਤੇ ਉਹਨਾਂ ਦੇ ਜਥੇ ਨੇ ਸ਼ਬਦ ਗਾਇਨ ਕੀਤਾ। ਇਹਨਾਂ ਤੋਂ ਇਲਾਵਾ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜੀਵਨ, ਸਿੱਖਿਆਵਾਂ ਅਤੇ ਸੰਘਰਸ਼ ਤੇ ਵਿਸਥਾਰ ਪੂਰਵਕ ਅਲੱਗ ਅਲੱਗ ਬੁਲਾਰਿਆਂ ਨੇ ਆਪੋ ਆਪਣੇ ਅੰਦਾਜ਼ ਵਿਚ ਗੀਤ, ਕਵਿਤਾਵਾਂ ਤੇ ਲੈਕਚਰਾਂ ਰਾਹੀਂ ਵਰਣਨ ਕੀਤਾ, ਜਿਸਨੂੰ ਸੰਗਤ ਨੇ ਬੜੇ ਧਿਆਨ ਨਾਲ ਸੁਣਿਆ।

ਅੱਜ ਦੇ ਇਸ ਵਿਸ਼ੇਸ਼ ਸ਼ਰਧਾਂਜਲੀ ਸਮਾਰੋਹ ਮੌਕੇ ਜਿਹਨਾਂ ਜਿਹਨਾਂ ਬੁਲਾਰਿਆਂ ਨੇ ਵਿਚਾਰ ਪ੍ਰਗਟ ਕੀਤੇ, ਉਹਨਾਂ ਵਿਚ ਸਰਵ ਸ੍ਰੀ ਗੁਰਦੀਪ ਸਿੰਘ ਹੀਰਾ, ਸ਼ਾਮ ਪਾਲ, ਸੋਹਣ ਲਾਲ ਸਹੋਤਾ (ਰਿਟਾਇਰਡ ਬੀ. ਡੀ. ਓ.), ਰਾਮ ਸੇਵਕ ਭਾਟੀਆ, ਗੁਰਬਚਨ ਚੋਪੜਾ ਅਤੇ ਪ੍ਰੇਮ ਕੁਮਾਰ ਚੁੰਬਰ ਆਦਿ ਦੇ ਨਾਂ ਵਰਣਨਯੋਗ ਹਨ।

ਜਿੱਥੇ ਉਘੇ ਸ਼ਾਇਰਾਂ ਗੁਰਦੀਪ ਸਿੰਘ ਹੀਰਾ ਅਤੇ ਸ਼ਾਮ ਪਾਲ ਜੀ ਨੇ ਬਾਬਾ ਸਾਹਿਬ ਜੀ ਦੇ ਜੀਵਨ ਸਬੰਧਤ ਰੌਂਗਟੇ ਖੜੇ ਕਰਨ ਵਾਲੀਆਂ ਕਵਿਤਾਵਾਂ ਪੜ੍ਹੀਆਂ, ਉਥੇ ਗੁਰੂ ਘਰ ਦੇ ਜਨਰਲ ਸਕੱਤਰ ਅਤੇ ਸ਼ਾਇਰ ਸ੍ਰੀ ਗੁਰਬਚਨ ਚੋਪੜਾ ਜੀ ਨੇ ਸਟੇਜ ਦਾ ਸੰਚਾਲਨ ਕਰਦੇ ਕਰਦੇ ਬਾਬਾ ਸਾਹਿਬ ਜੀ ਦੀਆਂ ਮਾਨਵਤਾ ਪ੍ਰਤੀ ਕੀਤੀਆਂ ਘਾਲਣਾਵਾਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਇਹਨਾਂ ਤੋਂ ਇਲਾਵਾ ਬਜ਼ੁਰਗ ਧਾਰਮਿਕ ਖਿਆਲਾਂ ਵਾਲੇ ਸਾਬਕਾ ਬੀ. ਡੀ. ਓ. ਸ਼੍ਰੀਮਾਨ ਸੋਹਣ ਲਾਲ ਸਹੋਤਾ ਜੀ ਨੇ ਵੀ ਆਪਣੇ ਵੱਲੋਂ ਅਤੇ ਸਮੂਹ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਕੈਲੇਫੋਰਨੀਆ) ਵੱਲੋਂ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੀਫੋਰਨੀਆ) ਦੀ ਸਮੂਹ ਕਮੇਟੀ ਤੇ ਸਮੂਹ ਸੰਗਤਾਂ ਦੀ ਸਰਾਹਨਾ ਕੀਤੀ ਜੋ ਸਮੇਂ ਸਮੇਂ ਸਾਰੇ ਮਾਨਵਤਾਵਾਦੀ ਮਹਾਂਪੁਰਸ਼ਾਂ ਨੂੰ ਉਹਨਾਂ ਦੇ ਜਨਮ ਦਿਨ ਅਤੇ ਪ੍ਰੀਨਿਰਵਾਣ ਦਿਵਸ ਮੌਕਿਆਂ ਤੇ ਯਾਦ ਕਰਦੇ ਆ ਰਹੇ ਹਨ।

ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਬਾਬਾ ਸਾਹਿਬ ਜੀ ਨੂੰ ਸ਼ਰਧਾ ਪੂਰਵਕ ਸ਼ਰਧਾਂਜਲੀ ਦਿੰਦਿਆਂ ਬਾਬਾ ਸਾਹਿਬ ਅੰਬੇਦਕਰ ਜੀ ਦੇ ਜਨਮ ਤੋਂ ਲੈ ਕੇ ਪ੍ਰੀਨਿਰਵਾਣ ਸਮੇਂ ਤੱਕ ਦੀਆਂ ਦੁੱਖ, ਤਕਲੀਫਾਂ, ਪ੍ਰਾਪਤੀਆਂ ਅਤੇ ਮੁੱਖ ਘਟਨਾਵਾਂ ਦਾ ਕਾਫੀ ਵਿਸਥਾਰ 'ਚ ਵਰਣਨ ਕੀਤਾ, ਜਿਸ ਨੂੰ ਸੰਗਤ ਨੇ ਬੜੇ ਗਹੁ ਨਾਲ ਸਰਵਣ ਕੀਤਾ। ਅੱਜ ਦੇ ਇਸ ਸ਼ਰਧਾਂਜਲੀ ਸਮਾਰੋਹ 'ਚ ਸਭ ਤੋਂ ਅਖੀਰ 'ਚ ਜਿਹਨਾਂ ਦੀ ਪ੍ਰੇਰਨਾ ਨਾਲ 6 ਦਸੰਬਰ ਨੂੰ ਇਕੱਠੇ ਹੋਏ ਤੇ ਉਸੇ ਦਿਨ ਅੱਜ ਦੇ ਸਮਾਗਮ ਕਰਨ ਦਾ ਫੈਸਲਾ ਲਿਆ, ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੂੰ ਸਟੇਜ ਤੇ ਸੱਦਾ ਦਿੱਤਾ ਗਿਆ।

ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੇ ਆਪਣੇ ਸੰਖੇਪ ਸ਼ਬਦਾਂ ਵਿਚ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਜਿੱਥੇ ਆਪਣੇ ਵੱਲੋ ਅਤੇ ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਵੱਲੋਂ ਸ਼ਰਧਾਂਜਲੀ ਦਿੱਤੀ, ਉਥੇ ਉਹਨਾਂ ਨਸਲਵਾਦ ਅਤੇ ਰੰਗ ਭੇਦ ਖਿਲਾਫ ਸਫਲਤਾ ਪੂਰਵਕ ਸੰਘਰਸ਼ ਕਰਨ ਵਾਲੇ ਵਿਸ਼ਵ ਯੋਧਾ, 'ਸ਼ਾਂਤੀ ਨੋਬਲ ਪੁਰਸਕਾਰ' ਵਿਜੇਤਾ ਤੇ ਭਾਰਤ ਸਰਕਾਰ ਵੱਲੋਂ ਉਸ ਵਕਤ ਦੇ ਰਾਸ਼ਟਰਪਤੀ ਡਾ. ਕੇ. ਆਰ. ਨਰਾਇਣਨ ਸਾਹਿਬ ਦੁਆਰਾ "ਭਾਰਤ ਰਤਨ" ਨਾਲ ਸਨਮਾਨਿਤ ਮਹਾਨ ਸ਼ਖਸੀਅਤ ਮਾਨਵਤਾ ਦੀ ਆਵਾਜ਼ ਬਣ ਕੇ ਉਭਰੇ ਨੈਲਸਨ ਮੰਡੇਲਾ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਪੂਰਾ ਵਿਸ਼ਵ ਡਾ. ਅੰਬੇਦਕਰ, ਨੈਲਸਨ ਮੰਡੇਲਾ, ਮਾਰਟਿਨ ਲੂਥਰ ਕਿੰਗ (ਜੂਨੀਅਰ), ਇਬਰਾਹੀਮ ਲਿੰਕਨ ਅਤੇ ਕਨੇਡੀ ਵਰਗੇ ਮਹਾਨ ਨੇਤਾਵਾਂ ਨੂੰ ਕਦੇ ਭੁੱਲ ਨਹੀਂ ਸਕੇਗਾ, ਜਿਹਨਾਂ ਨੇ ਨਸਲਵਾਦ ਤੇ ਰੰਗ-ਭੇਦ ਦੇ ਖਿਲਾਫ ਅਤੇ ਮਾਨਵਤਾ ਦੇ ਪੱਖ ਵਿਚ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਡਾ. ਅੰਬੇਦਕਰ ਜੀ ਨੂੰ ਵਿਸ਼ੇਸ਼ ਤੌਰ ਤੇ 'ਹਿਊਮਨ ਰਾਈਟਸ ਚੈਂ-ਪੀਅਨ' ਵਜੋਂ ਵੀ ਯਾਦ ਕੀਤਾ ਜਾਂਦਾ ਰਹੇਗਾ ਕਿਉਂਕਿ ਉਹਨਾਂ ਦਾ ਸੰਘਰਸ਼ ਜਿੱਥੇ ਨਸਲਵਾਦ ਤੇ ਰੰਗ ਭੇਦ ਖਿਲਾਫ ਸੀ, ਉਥੇ ਉਹ ਭਾਰਤ ਵਿਚੋਂ ਜਾਤ ਪਾਤ ਦਾ ਕੋਹੜ ਖਤਮ ਕਰਨ ਲਈ ਵੀ ਉਮਰ ਭਰ ਸੰਘਰਸ਼ ਕਰਦੇ ਰਹੇ।

ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਦਾ ਬਾਬਾ ਸਾਹਿਬ ਮਿਸ਼ਨ ਪ੍ਰਤੀ ਮੋਹ ਤੇ ਉਹਨਾਂ ਦੀ ਵਿਚਾਰਧਾਰਾ ਨੂੰ ਅੱਗੇ ਫੈਲਾਉਣਾ ਅਤੇ ਵਧਾਉਣ ਲਈ ਉਹਨਾਂ ਵੱਲੋਂ ਉਹਨਾਂ ਦੇ ਨਾਂ ਤੇ "ਅੰਬੇਦਕਰ ਟਾਈਮਜ਼" ਨੂੰ ਚਲਾਉਣਾ ਅਤੇ ਜਾਰੀ ਰੱਖਣਾ ਤੇ ਇਸ ਦੇ ਨਾਲ ਹੀ ਸਰਬ ਸਾਂਝੀਵਾਲਤਾ ਦਾ ਪੈਗਾਮ ਨੂੰ ਲੈ ਕੇ ਚੱਲਣ ਵਾਲੇ ਪੰਜਾਬੀ ਅਖ਼ਬਾਰ "ਦੇਸ਼ ਦੁਆਬਾ" ਨੂੰ ਮੁੱਖ ਰੱਖਦਿਆਂ ਗੁਰੂ ਘਰ ਦੀ ਕਮੇਟੀ ਨੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਦਾ ਬੜੇ ਆਦਰ ਸਹਿਤ ਸਿਰੋਪਾਓ ਨਾਲ ਸਨਮਾਨ ਕੀਤਾ। ਇਸ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਨੇ ਸਰਬੱਤ ਦੇ ਭਲੇ ਹਿਤ ਪੋਹ ਮਹੀਨੇ ਦੀ ਸੰਗਰਾਂਦ ਮੌਕੇ ਸਾਹਿਬ ਸ੍ਰੀ ਅਕਾਲ ਪੁਰਖ ਅੱਗੇ ਅਰਦਾਸ ਕੀਤੀ।

ਅਖੀਰ ਅੱਜ ਦੇ ਪੂਰੇ ਦਿਨ ਦੀ ਸਟੇਜ ਸੇਵਾ ਸੰਭਾਲਦਿਆਂ ਸ੍ਰੀ ਗੁਰਬਚਨ ਚੋਪੜਾ ਜੀ ਨੇ ਸਭ ਦਾ ਕੋਟਿਨ ਕੋਟ ਧੰਨਵਾਦ ਕੀਤਾ। ਇਸ ਉਪਰੰਤ ਗੁਰੂ ਘਰ ਦੇ ਅਤੁੱਟ ਕੜਾਹ ਪ੍ਰਸ਼ਾਦ ਤੇ ਲੰਗਰ ਵਰਤਾਏ ਗਏ। ਹਮੇਸ਼ਾ ਦੀ ਤਰ੍ਹਾਂ ਗੁਰੂ ਘਰ ਦੇ ਕੈਸ਼ੀਅਰ ਸ੍ਰੀ ਦਿਲਵਿੰਦਰ ਰੱਲ੍ਹ ਜੀ ਨੇ ਸਮੂਹ ਸੰਗਤ ਨੂੰ ਕਮੇਟੀ ਵੱਲੋਂ ਗੁਰੂ ਘਰ ਦੀ ਡਿਵੈਲਪਮੈਂਟ ਵਿਚ, ਵਿਸ਼ੇਸ਼ ਕਰਕੇ ਪਾਰਕਿੰਗ ਲਾਟਸ ਆਦਿ ਦੀ ਸੇਵਾ ਲਈ ਯੋਗਦਾਨ ਲਈ ਸਨਿਮਰ ਬੇਨਤੀ ਕੀਤੀ ਅਤੇ ਇਸ ਦੇ ਨਾਲ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਆਉਣ ਵਾਲੇ ਗੁਰਪੁਰਬ ਦਿਹਾੜੇ ਨੂੰ ਮੁੱਖ ਰੱਖਦਿਆਂ ਜਿਹਨਾਂ ਜਿਹਨਾਂ ਸੰਗਤਾਂ ਨੇ ਸ੍ਰੀ ਅਖੰਡ ਪਾਠ ਰਖਾਉਣ ਜਾਂ ਹੋਰ ਸੇਵਾ ਲਈ ਕਰਨੀ ਹੈ ਤਾਂ ਉਹ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜਾਂ ਫਿਰ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਨਾਲ ਸੰਪਰਕ ਕਰਨ ਦੀ ਕਿਰਪਾਲਤਾ ਕਰਨ। ਉਹਨਾਂ ਹਰੇਕ ਸ੍ਰੀ ਅਖੰਡ ਪਾਠ ਮੌਕੇ ਕੜਾਹ ਪ੍ਰਸ਼ਾਦ ਵਰਤਾਉਣ ਦੀ ਦਿਨ ਵਕਤ ਸੇਵਾ ਸ. ਸੂਰਤ ਸਿੰਘ ਜੀ ਅਤੇ ਸ਼ਾਮ ਦੇ ਵਕਤ ਸ. ਜੋਗਾ ਸਿੰਘ ਜੀ ਦਾ ਵੀ ਕਮੇਟੀ ਵੱਲੋਂ ਧੰਨਵਾਦ ਕੀਤਾ।

## ਡਾ: ਅੰਬੇਦਕਰ ਜੀ ਦਾ 57ਵਾਂ ਪ੍ਰੀਨਿਰਵਾਣ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਮਨਾਇਆ ਗਿਆ





# ਲੋਕ ਸਭਾ ਚੋਣਾਂ 'ਚ ਬਸਪਾ ਨੂੰ ਜਿਤਾ ਕੇ ਭੈਣ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਉਣਾ ਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ- ਬਸਪਾ ਆਗੂ

ਫਗਵਾੜਾ- ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਤਹਿਸੀਲ ਪ੍ਰਧਾਨ ਲੇਖਰਾਜ ਜਮਾਲਪੁਰ ਅਤੇ ਸੀਨੀਅਰ ਆਗੂ ਚਰਨ ਦਾਸ ਜੱਸਲ ਦੀ ਅਗਵਾਈ ਹੇਠ ਸਥਾਨਕ ਅੰਬੇਦਕਰ ਪਾਰਕ ਵਿਖੇ ਬਾਬਾ ਸਾਹਿਬ ਜੀ ਦੀ ਪ੍ਰਤਿਮਾ 'ਤੇ ਫੁੱਲ ਮਾਲਾਵਾਂ ਭੇਂਟ ਕਰਕੇ ਮਨਾਇਆ ਗਿਆ। ਇਸ ਮੌਕੇ ਲੇਖਰਾਜ ਜਮਾਲਪੁਰ, ਚਰਨ ਦਾਸ ਜੱਸਲ ਤੇ ਪ੍ਰਮਜੀਤ ਖਲਵਾੜਾ ਨੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਦੱਬੇ ਕੁਚਲੇ ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਾਰੀ ਉਮਰ ਸੰਘਰਸ਼ ਕੀਤਾ ਅਤੇ ਸਮੁੱਚੀ ਮਾਨਵਤਾ ਨੂੰ ਕਾਨੂੰਨੀ ਹੱਕ ਲੈ ਕੇ ਦਿੱਤੇ।





ਉਹਨਾਂ ਕਿਹਾ ਕਿ ਬਾਬਾ ਸਾਹਿਬ ਨੇ ਭਾਰਤ ਦਾ ਸੰਵਿਧਾਨ ਲਿਖ ਕੇ ਭਾਰਤ ਅੰਦਰ ਲੋਕਤੰਤਰ ਦੀ ਸਥਾਪਨਾ ਕੀਤੀ। ਉਕਤ ਆਗੂਆਂ ਨੇ ਕਿਹਾ ਕਿ ਜਿੰਨਾ ਚਿਰ ਬਾਬਾ ਸਾਹਿਬ ਜੀ ਦੀ ਕਹੀ ਗੱਲ 'ਤੇ ਦਲਿਤ ਸਮਾਜ ਅਮਲ ਨਹੀਂ ਕਰਦਾ, ਉਨਾ ਚਿਰ ਦਲਿਤ ਸਮਾਜ ਰਾਜ ਸੱਤਾ 'ਤੇ ਕਾਬਜ਼ ਨਹੀਂ ਹੋ ਸਕਦਾ। ਉਹਨਾਂ ਕਿਹਾ ਕਿ ਬਾਬਾ ਸਾਹਿਬ ਜੀ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਬਸਪਾ ਉਮੀਦਵਾਰਾਂ ਨੂੰ ਜਿਤਾ ਕੇ ਭੈਣ ਮਾਇਆਵਤੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਈਏ।

ਇਸ ਮੌਕੇ ਪ੍ਰਮਜੀਤ ਖਲਵਾੜਾ, ਸੋਹਣ ਲਾਲ ਰਾਹੀ, ਸੀਨੀਅਰ ਆਗੂ, ਬਿ-ਸੰਬਰ ਭਖਿਆਣਾ, ਸੈਕਟਰ ਇੰਚਾਰਜ, ਲੁਭਾਇਆ ਪੰਡੋਰੀ ਸੈਕਟਰ ਪ੍ਰਧਾਨ, ਸਰਵਣ ਸਿੰਘ ਦਾਨੀ, ਪ੍ਰਨੀਸ਼ ਬੰਗਾ ਸੈਕਟਰ ਇੰਚਾਰਜ, ਚਿਰੰਜੀ ਲਾਲ ਕਾਲਾ, ਸ਼੍ਰੀਮਤੀ ਜਸਵਿੰਦਰ ਕੌਰ ਬੱਬੀ ਸੀਮਾ ਪ੍ਰਧਾਨ, ਪੁਸ਼ਪਿੰਦਰ ਕੌਰ ਅਠੋਲੀ, ਕਮਲਜੀਤ ਕੌਰ, ਬਲਬੀਰ ਕੌਰ, ਮੋਹਣ ਬੇਗਮਪੁਰਾ, ਸਰਪੰਚ ਨਰਿੰਦਰ ਗੁਲਾਬਗੜ੍ਹ, ਪ੍ਰਿਥੀ ਸਰਪੰਚ ਬ੍ਰਹਮਪੁਰ, ਗੁਰਮੇਜ਼ ਰਾਮ ਸਰਪੰਚ, ਹਰਮੇਸ਼ ਲਾਲ ਸੈਕਟਰ ਪ੍ਰਧਾਨ, ਮਨਜੀਤ ਵਾਹਦ, ਰੂਪ ਲਾਲ ਭਬਿਆਣਾ, ਹਰੀ ਗੋਬਿੰਦਪੁਰਾ, ਪ੍ਰਕਾਸ਼ ਚੰਦ ਰਾਣੀਪੁਰ, ਡਾ. ਬਲਵਿੰਦਰ ਅਠੋਲੀ, ਰਾਜਿੰਦਰ ਕੁਮਾਰ, ਬੰਟੀ ਕਲੇਰ, ਪ੍ਰਨੀਸ਼ ਬੰਗਾ, ਕਸ਼ਮੀਰੀ ਭੁੱਲਾਰਾਈ, ਅਸ਼ੋਕ ਸੂਦ, ਜਿੰਦਰ ਮਾਨ, ਸਰਬ-ਜੀਤ ਬੰਗਾ, ਪ੍ਰਸ਼ਾਂਤ ਰੱਤੂ, ਜਤਿੰਦਰ ਕੁਮਾਰ ਸਾਬਕਾ ਸਰਪੰਚ, ਸ਼ਿੰਦੀ ਪੀਪਾਰੰਗੀ ਤੋਂ ਇਲਾਵਾ ਸੈਂਕੜਿਆਂ ਦੀ ਗਿਣਤੀ ਵਿਚ ਬਸਪਾ ਵਰਕਰ ਹਾਜ਼ਰ ਸਨ।

# ਮੁਕੰਦਪੁਰ 'ਚ ਪ੍ਰੀਨਿਰਵਾਣ ਦਿਵਸ ਸਬੰਧੀ ਕਰਵਾਇਆ ਸਮਾਗਮ







ਮੁਕੰਦਪੁਰ, (ਰੇਸ਼ਮ ਕਰਨਾਣਵੀ)- ਭੀਮ ਰਾਓ ਅੰਬੇਦਕਰ ਚੇਤਨਾ ਮੰਚ ਮੁਕੰਦਪੁਰ ਵਲੋਂ ਭਾਰਤ ਰਤਨ ਬਾਵਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਸਬੰਧੀ ਸਮਾਗਮ ਸ਼ਰਧਾ ਪੂਰਵਕ ਮਨਾਇਆ ਗਿਆ। ਮੰਚ ਦੇ ਅਹੁਦੇਦਾਰਾਂ ਅਤੇ ਮੁੱਖ ਮਹਿਮਾਨਾਂ ਨੇ ਬਾਵਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਧਰਮਿੰਦਰ ਭੁੱਲਾਰਾਈ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਬਾਵਾ ਸਾਹਿਬ ਨੇ ਭਾਰਤ ਦੇ ਦੱਬੇ-ਕੁਚਲੇ ਵਰਗ ਨੂੰ ਸਰਗਰਮ ਕਰਨ ਲਈ ਆਪਣਾ ਸਾਰਾ ਜੀਵਨ ਸਮਾਜ ਦੇ ਲੇਖੇ ਲਾਇਆ। ਉਨ੍ਹਾਂ ਦੇ ਸੰਘਰਸ਼ ਸਦਕਾ ਅੱਜ ਦੇਸ਼ ਦਾ ਦਲਿਤ ਵਰਗ ਵੋਟ ਪਾਉਣ ਦਾ ਹੱਕਦਾਰ ਬਣਿਆ। ਬਾਵਾ ਸਾਹਿਬ ਨੇ ਸਭ ਜਾਤਾਂ ਨੂੰ ਬਰਾਬਰ ਦੇ ਹੱਕ ਲੈ ਕੇ ਦਿੱਤੇ। ਉਨ੍ਹਾਂ ਭਾਰਤੀ ਨਾਰੀ ਦੇ ਸਨਮਾਨ ਲਈ ਕਈ ਅਹਿਮ ਅੰਦੋਲੰਨ ਅਰੰਭੇ ਜੋ ਪੂਰੀ ਤਰ੍ਹਾਂ ਸਾਰਥਕ ਸਿੱਧ ਹੋਏ। ਇਸ ਮੌਕੇ ਡਾ ਪਰਮਜੀਤ ਭੰਗੂ, ਸੋਨੂੰ ਅਸਟਰੇਲੀਆ, ਲਾਲ ਚੰਦ ਔਜਲਾ, ਕਾਮਰੇਡ ਹਰਪਾਲ ਜਗਤਪੁਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਹੋਰਨਾਂ ਤੋਂ ਇਲਾਵਾ ਕਲਾਕਾਰ ਅਸ਼ੋਕ ਬੱਧਣ ਭਾਰ ਸਿੰਘ ਪੁਰੀ ਅਤੇ ਗੁਰਵਿੰਦਰ ਬੱਲੋਵਾਲ ਨੇ ਮਿਸ਼ਨਰੀ ਗੀਤ ਪੇਸ਼ ਕੀਤੇ। ਇਸ ਸਮਾਗਮ ਦੌਰਾਨ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੀ ਸਮੁੱਚੀ ਟੀਮ ਨੇ ਸ਼੍ਰੀ ਮੱਖਣ ਕ੍ਰਾਂਤੀ ਦੀ ਅਗਵਾਈ ਹੇਠ ਬਾਬਾ ਸਾਹਿਬ ਦੇ ਜੀਵਨ ਨੂੰ ਦਰਸਾਉਂਦੇ ਨਾਟਕ ਅਤੇ ਕੋਰੀਓਗ੍ਰਫੀਆਂ ਪੇਸ਼ ਕਰਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਇਸ ਮੌਕੇ ਸਮਾਗਮ ਦੌਰਾਨ ਪਹੁੰਚੇ ਮੁੱਖ ਮਹਿਮਾਨਾਂ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਸਮਾਗਮ 'ਚ ਮੰਚ ਦੇ ਚੇਅਰਮੈਨ ਸ਼੍ਰੀ ਜਗਦੀਸ਼ ਕਟਾਰੀਆ, ਉਪ-ਚੇਅਰਮੈਨ ਜਰਨੈਲ ਕਟ-ਾਰੀਆ, ਪ੍ਰਧਾਨ ਜਸਵੰਤ ਕਟਾਰੀਆ, ਮਲਕੀਤ ਸਿੰਘ ਉਪ-ਪ੍ਰਧਾਨ, ਲਖਵੀਰ ਚੰਦ ਖਜਾਨਚੀ, ਰਾਣਾ ਮੁਕੰਦਪੁਰੀ ਸਕੱਤਰ, ਰਾਹੁਲ ਪੰਚ, ਪਿਆਰੇ ਲਾਲ, ਅਮਰ ਕਟਾਰੀਆ, ਰਾਹੁਲ, ਆਸ਼ਾ ਰਾਣੀ, ਰਣਜੀਤ ਕੌਰ, ਕਮਲੇਸ਼ ਕੌਰ ਅਤੇ ਹੋਰ ਪਤਵੰਤੇ ਹਾਜ਼ਰ ਸਨ।





ਤਸਵੀਰਾਂ ਤੇ ਰਿਪੋਰਟ ਰੇਸ਼ਮ ਕਰਨਾਣਵੀ



# ਇੰਡਸ ਵੈਲੀ ਚੈਂਬਰ ਆਫ ਕਾਮਰਸ ਦੀ 12ਵੀਂ ਸਲਾਨਾ ਪਾਰਟੀ

ਸੈਕਰਾਮੈਂਟੋ- ਪਿਛਲੇ ਸਾਲਾਂ ਦੀ ਤਰ੍ਹਾਂ ਹੀ ਇੰਡਸ ਵੈਲੀ ਚੈਂਬਰ ਆਫ ਕਾਮਰਸ ਨੇ 12ਵੀਂ ਸਾਲਾਨਾ ਡਿਨਰ ਪਾਰਟੀ ਕੀਤੀ, ਜਿਸ ਵਿਚ ਰਾਜਨੀਤਿਕ ਲੀਡਰਾਂ, ਬੈਂਕਿੰਗ ਗਰੁੱਪ, ਵਪਾਰੀਆਂ, ਸਮਾਜਿਕ ਅਤੇ ਕਮਿਊਨਿਟੀ ਸ਼ਖਸੀਅਤਾਂ ਨੇ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਚੈਂਬਰ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾ ਕੇ ਕੀਤੀ ਅਤੇ ਨਾਲ ਹੀ ਪ੍ਰਧਾਨ ਗੁਰਪ੍ਰੀਤ ਸਿੱਧੂ ਨੇ ਸਾਰਿਆ ਨੂੰ ਜੀ ਆਇਆਂ ਕਹਿ ਕੇ ਸਟੇਜ ਕਮਲ ਜੱਜ ਅਤੇ ਪਵਿੱਤਰ ਨਾਹਲ ਨੂੰ ਸੰਭਾਲੀ। ਪਹਿਲੀ ਆਈਟਮ ਚਾਈਨੀਜ਼ ਲੇਡੀਜ਼ ਡਾਂਸ ਪੇਸ਼ ਕੀਤੀ ਗਈ ਤੇ ਨਾਲ ਹੀ ਕਜੋਲ ਲੜਕੀ ਡਾਂਸ ਕੀਤਾ। ਦਰਸ਼ਕਾਂ-ਸਰੋਤਿਆਂ ਨੇ ਤਾੜੀਆਂ ਦੀ ਗੂੰਜ ਪਾਈ। ਫਿਰ ਲੜੀਵਾਰ ਸਪੀਕਰ, ਭੰਗੜਾ, ਡਾਂਸ, ਭੰਗੜਾ ਅਤੇ ਪੰਮੀ ਮਾਨ ਤੇ ਪੂਨਮ ਮਲੋਹਤਰਾ ਨੇ ਇਕ ਇਕ ਗੀਤ ਗਾ ਕੇ ਵਾਹਵਾ ਖੱਟੀ। ਇਸ ਉਪਰੰਤ ਮੁੱਖ ਮਹਿਮਾਨ ਰੋਜ਼ਰ ਡਿਕਨਸਨ ਅਸੈਂਬਲੀਮੈਨ, ਐਲਕ ਗਰੋਵ ਮੇਅਰ ਗੈਰੀ ਡੇਵਸ ਤੇ ਤੇਜ਼ ਮਾਨ ਯੂਬਾ ਸਿਟੀ, ਦੋ ਦੋ ਮਿੰਟ ਚੈਂਬਰ ਦੀ, ਏਸ਼ੀਅਨ ਭਾਈਚਾਰੇ ਦੀ ਖਾਸ ਕਰਕੇ ਪੰਜਾਬੀਆਂ ਦੀ ਮਿਹਨਤ ਅਤੇ ਜ਼ਿੰਦਗੀ 'ਚ ਕਾਮਯਾਬੀ ਦੀ ਸ਼ਲਾਘਾ ਕੀਤੀ। ਖਾਣ ਪੀਣ ਦਾ ਪ੍ਰਬੰਧ ਚੰਗਾ ਸੀ। ਬਾਲੀਵੁੱਡ ਸਟਾਈਲ ਭੰਗੜਾ, ਅੰਟੀ ਡਾਂਸ, ਵੈਸਟ ਸਾਈਡ ਭੰਗੜਾ, ਪੰਜਾਬੀ ਬੁਆਏਜ਼ ਭੰਗੜਾ ਆਦਿ ਕਲਾਕਾਰਾਂ ਵਾਸਤੇ ਸੁਰਿੰਦਰ ਬਿੰਦਰਾ, ਮਿਸਿਜ਼ ਪ੍ਰੀਤਮ ਰਾਮ, ਬਿੰਦੂ ਜੇਠੂਰਾਮ, ਨਰਿੰਦਰਪਾਲ ਸਿੰਘ ਹੁੰਡਲ ਅਤੇ ਸਟੈਫਨ ਲਿੰਜੀ ਨੇ ਜੱਜਾਂ ਦਾ ਰੋਲ ਅਦਾ ਕੀਤਾ।

ਕਲਾਕਾਰਾਂ ਦਾ ਸਟੇਜ ਤੇ ਮਾਣ ਸਨਮਾਨ ਕਰਨ ਲਈ ਰਿਚਰਡ ਪੈਨ, ਡਾ. ਲਖਵਿੰਦਰ ਰੰਧਾਵਾ, ਪ੍ਰਮਿੰਦਰ ਸੁਖ, ਮਨਜੀਤ ਸੀਬੀਆ, ਕਮਲ ਬੰਗਾ, ਜੇ. ਪੀ. ਸਿੰਘ ਆਦਿ ਨੇ ਹੱਥ ਵੰਡਾਇਆ। ਲਾਲ ਕਾਕਟੇਲ ਦਾ ਕਾਉਂਟਰ ਵੀ ਸਜਿਆ ਰਿਹਾ। ਇਸੇ ਤਰ੍ਹਾਂ ਰੌਣਕ ਮੇਲੇ ਹੱਸਦੇ ਹਸਾਉਂਦਿਆਂ ਚਾਰ ਘੰਟੇ ਮਿੰਟਾਂ ਵਾਂਗ ਬੀਤ ਗਏ। ਹੋਰਨਾਂ ਤੋਂ ਇਲਾਵਾ ਜੈਕ ਰਾਮ, ਜੈਪਾਲ ਰਾਮ, ਗਿੱਲ ਪਰਿਵਾਰ, ਬੋਪਾਰਾਏ ਬ੍ਰਦਰਜ਼, ਪਾਲ ਬਿੰਦਰਾ, ਅਮਰੀਕ ਸਿੰਘ ਪਰਹਾਰ, ਡਾ. ਟਾਮ, ਲਿੰਡਾ ਜਿੰਨ ਅਤੇ ਹੋਰ ਸ਼ਖਸੀਅਤਾਂ ਨੇ ਸ਼ਮੂਲੀਅਤ ਕਰਕੇ ਪਾਰਟੀ ਦਾ ਰੰਗ ਨਿਖਾਰਿਆ। ਅੰਤ ਵਿਚ ਪ੍ਰਧਾਨ ਗੈਰੀ ਸਿੱਧੂ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ 2014 ਦੀਆਂ ਸਾਰੇ ਜਗਤ ਨੂੰ ਵਧਾਈਆਂ ਦਿੱਤੀਆਂ। - (ਕਮਲ ਬੰਗਾ)


Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।

649 West Elkhorn Blvd, Suite B
Rio Linda, CA 95673
(916) 992-9004



Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor

Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com

# ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ

ਮਾਹਿਲਪੁਰ (ਸ਼ਿਵ ਕੁਮਾਰ ਬਾਵਾ) - ਇਥੋਂ ਨੇੜਲੇ ਪਿੰਡ ਲੰਗੇਰੀ ਵਿਖੇ ਗੁਰਦੁਆਰਾ ਬਾਬਾ ਧਿਆਨ ਦਾਸ ਛਾਉਣੀ ਨਿਹੰਗ ਸਿੰਘਾਂ ਵਿਖੇ ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਤਰਨਾ ਦਲ ਦੀ





ਅਗਵਾਈ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਾਹਿਬਜ਼ਦਾ ਬਾਬਾ ਫਤਿਹ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਅਦੁੱਤੀ ਗੁਰਮਤਿ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਜਾਏ ਦੀਵਾਨ ਮੌਕੇ ਸੰਤ ਬਲਵੰਤ ਸਿੰਘ ਜੀ ਹਰਖੋਵਾਲ, ਸੰਤ ਬਲਵੀਰ ਸਿੰਘ ਰੱਬ ਜੀ ਜਿਆਣ, ਸੰਤ ਸੁਖਜੀਤ ਸਿੰਘ ਸੀਚੇਵਾਲ, ਸੰਤ ਜਸਵੰਤ ਸਿੰਘ ਠੱਕਰਵਾਲ ਖੇੜਾ, ਸੰਤ ਹਰਕਿਸ਼ਨ ਸਿੰਘ ਸੋਢੀ ਠੱਕਰਵਾਲ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਸ਼ਮਸ਼ੇਰ ਸਿੰਘ ਜਗੇੜਾ, ਸੰਤ ਰਣਤੋਜ ਸਿੰਘ, ਸੰਤ ਗੁਰਮੀਤ ਸਿੰਘ ਸੁਲਖੀਆਂ, ਸੰਤ ਰਣਜੀਤ ਸਿੰਘ ਬਾਹੋਵਾਲ, ਸੰਤ ਜਸਪ੍ਰੀਤ ਕੌਰ ਬੁੰਗਾ ਸਾਹਿਬ ਮਾਹਿਲਪੁਰ, ਸੰਤ ਨਿਰੰਗ ਸਿੰਘ, ਜਥੇ ਬਾਬਾ ਹਰਬਚਨ ਸਿੰਘ ਪੰਜ ਪਿਆਰੇ, ਸੰਤ ਜਰਨੈਲ ਸਿੰਘ ਲੰਗਰਾਂ ਵਾਲੇ, ਬਾਬਾ ਸਵਰਨ ਸਿੰਘ ਦਸੂਹਾ, ਸੰਤ ਰਣਜੀਤ ਸਿੰਘ ਡਗਾਣਾ, ਬਾਬਾ ਤਜਿੰਦਰ ਸਿੰਘ, ਬਾਬਾ ਗੁਰਦੇਵ ਸਿੰਘ ਬੁੱਢਾ ਦਲ, ਬਾਬਾ ਹਰੀ ਸਿੰਘ ਬਾਬਾ ਬਕਾਲ ਤਰਨਾ ਦਲ, ਬਾਬਾ ਬੋਨਾ ਨੰਦ ਆਦਿ ਸੰਤ ਮਹਾਂਪੁਰਸ਼ਾਂ ਨੇ ਅਪਣੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਬਾਣੀ ਨਾਲ ਜੋੜਿਆ।

ਇਸ ਤੋਂ ਇਲਾਵਾ ਰਾਗੀ ਭਾਈ ਕੰਵਰਪਾਲ ਸਿੰਘ ਹੁਸ਼ਿਆਪੁਰ, ਗਿਆਨੀ ਭਗਤ ਸਿੰਘ, ਭਾਈ ਕਰਨੈਲ ਸਿੰਘ ਜੇ ਸੀ ਟੀ, ਭਾਈ ਕੁਲਤਾਰ ਸਿੰਘ, ਗਿਆਨੀ ਜਸਵਿੰਦਰ ਸਿੰਘ ਆਦਿ ਨੇ ਰਸਭਿੰਨਾ ਕੀਤਰਨ, ਬੀਬੀ ਰਾਜਵਿੰਦਰ ਕੌਰ ਨੇ ਕਵੀਸ਼ਰੀ ਅਤੇ ਢਾਡੀ ਗੁਰਦਿਆਲ ਸਿੰਘ ਲੱਖਪੁਰ ਵਾਲਿਆਂ ਨੇ ਜੋਸ਼ੀਲੀਆਂ ਵਾਰਾਂ ਪੇਸ਼ ਕਰਕੇ ਸੰਗਤਾਂ ਵਿੱਚ ਜੋਸ਼ ਭਰ ਦਿੱਤਾ।

ਇਸ ਮੌਕੇ ਕੱਢੇ ਗਏ ਮਹੱਲੇ ਮੌਕੇ ਬਾਬਾ ਹਰਜਿੰਦਰ ਸਿੰਘ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਤਰਨਾ ਦਲ ਅਤੇ ਹੋਰ ਨਿਹੰਗ ਸਿੰਘਾਂ ਵਲੋਂ ਗੱਤਕਾ, ਘੋੜਸਵਾਰੀ, ਨੇਜ਼ੇਬਾਜ਼ੀ ਦੇ ਜ਼ੌਹਰ ਦਿ- ਖਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸਰਦਾਰਾ ਸਿੰਘ ਜੰਡੇਲੀ, ਗੁਰਮੇਲ ਸਿੰਘ ਸੀਕਰੀ, ਅਵਤਾਰ ਸਿੰਘ ਬਾਹੋਵਾਲ, ਗੁਰਮੇਲ ਸਿੰਘ ਭਾਮ, ਸੁਰਿੰਦਰ ਸਿੰਘ ਸੰਧੂ ਚੱਬੇਵਾਲ, ਨਿਰਮਲ ਸਿੰਘ ਭੀਲੇਵਾਲ, ਮਨਜੀਤ ਸਿੰਘ ਲਾਲੀ, ਜਸਵੰਤ ਸਿੰਘ, ਮੁਖਤਿਆਰ ਸਿੰਘ ਦਸੂਹਾ, ਰਣਜੀਤ ਸਿੰਘ ਬਿਹਾਲ, ਕਲਵੰਤ ਸਿੰਘ ਮਹਿਨਾ, ਕੁਲਦੀਪ ਸਿੰਘ ਜੱਲੋਵਾਲ, ਰਣਜੀਤ ਸਿੰਘ ਸੁਲਤਾਨਪੁਰ, ਖੜਕ ਸਿੰਘ, ਸੁਰਜੀਤ ਸਿੰਘ, ਸੱਤਪਾਲ ਸਿੰਘ ਚੱਬੇਵਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਪਰਵਾਸੀ ਸਿੱਖ ਸ: ਚਾਹਲ ਨੂੰ ਸਰਕਾਰ ਵਲੋਂ ਪਬਲਿਕ ਅਥਾਰਟੀ ਕੀਤਾ ਨਿਯੁਕਤ

ਸਾਂਟਾ ਕਲਾਰਾ (ਕੈਲੀਫੋਰਨੀਆ) ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਤੇ ਸੀਨੀਅਰ ਪਤਰਕਾਰ ਸ: ਸਤਨਾਮ ਸਿੰਘ ਚਾਹਲ ਨੂੰ ਕੈਲੀਫੋਰਨੀਆ ਦੀ ਸਾਂਟਾਕਲਾਰਾ ਕਾਊਂਟੀ ਦੀ ਸਰਕਾਰ ਵਲੋਂ ਆਪਣੇ ਸ਼ਹਿਰੀਆਂ ਨੂੰ ਘਰਾਂ ਅੰਦਰ ਦਿਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਅਧਿਐਨ, ਸਮੀਖਿਆ ਤੇ ਮੁਲਾਂਕਣ ਕਰਕੇ ਆਪਣੀਆਂ ਸਿਫਾਰਸ਼ਾਂ ਪਬਲਿਕ ਅਥਾਰਟੀ ਦੇ ਕਾਰਜਕਾਰੀ ਡਾਇਰੈਕਟਰ ਨੂੰ ਸਮੇਂ ਸਮੇਂ ਅਨੁਸਾਰ ਦੇਣ ਲਈ ਚਾਰ ਸਾਲ ਦੇ ਸਮੇਂ ਤਕ ਲਈ ਪਬਲਿਕ ਅਥਾਰਟੀ ਨਿਯੁਕਤ ਕੀਤਾ ਹੈ। ਸ: ਚਾਹਲ ਦੇ ਨਾਮ ਦਾ ਪਰਸਤਾਵ ਸੁਪਰਵਾਈਜਰ ਡੇਵਿਡ ਕਰਟੂਜੀ ਨੇ ਪੇਸ਼ ਕੀਤਾ ਜਿਸ ਨੂੰ ਬੋਰਡ ਆਫ ਸੁਪਰਵਾਈਜਰ ਦੀ ਮੀਟਿੰਗ ਵਿਚ ਸਰਬਸੰਤੀ ਨਾਲ ਪਰਵਾਨ ਕਰ ਲਿਆ ਗਿਆ। ਬੋਰਡ ਆਫ ਸੁਪਰਵਾਈਜਰ ਵਲੋਂ ਸ: ਚਾਹਲ ਨੂੰ ਭੇਜੇ ਨਿਯੁਕਤੀ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਉਹ ਆਪਣੇ ਅਹੁੱਦੇ ਦੀ ਸਹੁੰ ਚੁਕਣ ਤੋਂ ਬਾਅਦ ਆਪਣੀਆਂ ਸੇਵਾਵਾਂ ਤੁਰੰਤ ਆਰੰਭ ਕਰ ਦੇਣ। ਆਪਣਾ ਨਿਯੁਕਤੀ ਪਤਰ ਪਰਾਪਤ ਕਰਨ ਤੋਂ ਬਾਅਦ ਸ: ਚਾਹਲ ਨੇ ਅਜ ਇਥੇ ਦਸਿਆ ਕਿ ਉਹ ਅਗਲੇ ਹਫਤੇ



ਦੇ ਵਿਚ ਸਹੁੰ ਚੁਕ ਲੈਣਗੇ; ਉਹਨਾਂ ਕਿਹਾ ਕਿ ਇਸ ਖੇਤਰ ਦੀ ਭਾਰੀ ਸੀਖਆਂ ਵਾਲੀ ਅਬਾਦੀ ਵਾਲੇ ਲੋਕਾਂ ਨੂੰ ਸਰਕਾਰ ਵਲੋਂ ਉਹਨਾਂ ਦੀ ਭਲਾਈ ਲਈ ਆਰੰਭ ਕੀਤੀਆਂ ਹੋਈਆਂ ਸਕੀਮਾਂ ਦੀ ਜਾਣਕਾਰੀ ਹੀ ਨਹੀਂ ਹੁੰਦੀ ਜਿਸ ਕਾਰਣ ਅਜਿਹੇ ਲੋਕ ਸਰਕਾਰ ਦੇ ਇਹਨਾਂ ਪਰੋਜੈਕਟਾਂ ਜਾਂ ਭਲਾਈ ਸਕੀਮਾਂ ਦਾ ਫਾਇਦਾ ਉਠਾਉਣ ਵਿਚ ਸਫਲ ਨਹੀਂ ਹੁੰਦੇ।ਸ: ਚਾਹਲ ਨੇ ਕਿਹਾ ਕਿ ਉਹ ਆਪਣੇ ਭਾਈਚਾਰੇ ਦੇ ਲੋਕਾਂ ਖਾਸ ਤੌਰ ਤੇ ਸੀਨੀਅਰ ਸਿਟੀਜਨਾਂ ਦੀ ਭਲਾਈ ਕਰਨ ਲਈ ਹਰ ਸੰਭਵ ਯਤਨ ਕਰਨਗੇ।ਉਧਰ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ,ਡਾ.ਗੁਰਦੀਪ ਸਿੰਘ ਬੁਟਰ,ਗੁਰਨਾਮ ਸਿੰਘ ਸੰਧਰ, ਡਾ.ਜਸਵੰਤ ਸਿੰਘ ਪੰਧੇਰ ਤੇ ਡਾ.ਅਰਜਿੰਦਰ ਸਿੰਘ ਢੱਟ ਨੇ ਸ: ਚਾਹਲ ਦੀ ਨਿਯਕਤੀ ਉਪਰ ਆਪਣੀ ਖੁਸ਼ੀ ਦਾ ਪਰਗਟਾਵਾ ਕਰਦਿਆਂ ਸਰਕਾਰ ਦਾ ਧੰਨਵਾਦ ਕੀਤਾ ਹੈ।


# ਮਾਝੇ ਦੀ ਹਾਕੀ ਦੀ ਆਨ ਤੇ ਸ਼ਾਨ ਨੂੰ ਮੁੜ ਬਹਾਲ ਕੀਤਾ ਜਾਵੇ: ਗੁਮਟਾਲਾ

ਅੰਮ੍ਰਿਤਸਰ- ਅੰਗਰੇਜੀ ਰਾਜ ਸਮੇਂ ਤੋਂ ਮਾਝਾ ਹਾਕੀ ਦੀ ਨਰਸਰੀ ਰਿਹਾ ਹੈ। ਇਹੋ ਕਾਰਨ ਸੀ ਕਿ ਭਾਰਤੀ ਹਾਕੀ ਟੀਮ ਵਿਚ ਮਾਝੇ ਦੇ ਸਭ ਤੋਂ ਵੱਧ ਖਿਡਾਰੀ ਜਾਂਦੇ ਰਹੇ ਹਨ।ਪ੍ਰਸਿੱਧ ਓਲੰਪੀਅਨ ਅਰਜਨ ਪੁਰਸਕਾਰ ਜੇਤੂ ਕਰਨਲ ਹਰਚਰਨ ਸਿੰਘ ਨੇ ਇਕ ਅਖ਼ਬਾਰ (ਅੰਗਰੇਜ਼ੀ ਟ੍ਰਿਬਿਊਨ) ਵਿਚ ਦਿੱਤੇ ਬਿਆਨ ਵਿਚ ਕਿਹਾ ਹੈ ਕਿ ਉਨ੍ਹਾਂ ਨੇ ਇਕ ਅਧਿਐਨ ਕਰਕੇ ਇਹ ਪਤਾ ਲਾਇਆ ਹੈ ਕਿ ਮਾਝੇ ਵਿਚ ਅਜੇ ਵੀ ਸਰਹਾਲੀ, ਅਟਾਰੀ, ਖਡੂਰ ਸਾਹਿਬ, ਬਾਬਾ ਬਕਾਲਾ, ਪਾਖੁਰਪੁਰਾ ਅਤੇ ਵਟਾਲਾ ਵਿਚ ਹਾਕੀ ਖੇਡੀ ਜਾਂਦੀ ਹੈ। ਖਾਲਸਾ ਕਾਲਜ ਅੰਮ੍ਰਿਤਸਰ ਦਾ ਹਾਕੀ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ।ਹੋਰਨਾਂ ਸਕੂਲਾਂ, ਕਾਲਜਾਂ ਵਿਚ ਵੀ ਹਾਕੀ ਟੀਮਾਂ ਹਨ, ਪਰ ਇਨ੍ਹਾਂ ਵਿਚ ਉਹ ਸਹੂਲਤਾਂ ਨਹੀਂ ਹਨ ਜੋ ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਕਰਨ ਲਈ ਲੋੜੀਂਦੀਆਂ ਹਨ। ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਮੁੱਖ-ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿੰ ਪੰਜਾਬ ਸਰਕਾਰ ਨੂੰ ਕੱਬਡੀ ਨਾਲੋਂ ਵੀ ਹਾਕੀ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਜੋ ਕਿ ਓਲੰਪਿਅਕ ਖੇਡ ਹੈ।ਹਾਕੀ ਦੇ ਖੇਤਰ ਵਿਚ ਪੰਜਾਬ ਦਾ ਸ਼ਾਨਾਮੱਤਾ ਇਤਿਹਾਸ ਰਿਹਾ ਹੈ ,ਜਿਸ ਨੂੰ ਮੁੜ ਦੁਹਰਾਉਣ ਦੀ ਲੋੜ ਹੈ। ਲੋੜ ਹੈ ਕਿ ਫੌਰੀ ਤੌਰ 'ਤੇ ਮਾਝੇ ਨਾਲ ਸਬੰਧਤ ਕਿਸੇ ਨਾਮਵਰ ਹਾਕੀ ਖਿਡਾਰੀ ਦੀ ਅਗਵਾਈ ਵਿਚ ਇਕ ਸਲਾਹਕਾਰ ਕਮੇਟੀ ਬਣਾਈ ਜਾਵੇ। ਇਸੇ ਤਰ੍ਹਾਂ ਦੁਆਬੇ ਤੇ ਮਾਲਵੇ ਵਿਚ ਉਨ੍ਹਾਂ ਇਲਾਕਿਆਂ ਨਾਲ ਸਬੰਧਤ ਨਾਮਵਰ ਹਾਕੀ ਖਿਡਾਰੀਆਂ ਦੀਆਂ ਅਗਵਾਈ ਵਿਚ ਕਮੇਟੀਆਂ ਬਣਾਈਆਂ ਜਾਣ।ਸਾਰੀਆਂ ਟੀਮਾਂ ,ਓਲਪੀਅਨ ਸ. ਬਲਬੀਰ ਸਿੰਘ ਜਾਂ ਉਨ੍ਹਾਂ ਦੇ ਪੱਧਰ ਦੇ ਕਿਸੇ ਓਲੰਪੀਅਨ ਦੀ ਅਗਵਾਈ ਵਿਚ ਕੰਮ ਕਰਨ ।ਇਹ ਟੀਮਾਂ ਮੌਜੂਦਾ ਹਾਕੀ ਕੇਂਦਰਾਂ ਵਿਚ ਲੋੜੀਂਦੀਆਂ ਸਹੂਲਤਾਂ ਦਾ ਪਤਾ ਲਾਉਣ ਤੇ ਹਾਕੀ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨੂੰ ਸਿਫਾਰਸ਼ਾਂ ਵੀ ਕਰਨ।ਹਰ ਮਹੀਨੇ ਖੇਡ ਮੰਤਰੀ ਇਨ੍ਹਾਂ ਕਮੇਟੀਆਂ ਪਾਸੋਂ ਰਿਪੋਰਟ ਪ੍ਰਾਪਤ ਕਰਨ। ਇਨ੍ਹਾਂ ਨੂੰ ਨਿਸ਼ਚਿਤ ਸਮੇਂ ਵਿਚ ਰਿਪੋਰਟ ਦੇਣ ਦੀ ਹਦਾਇਤ ਕੀਤੀ ਜਾਵੇ।

ਸਰਕਾਰ ਲੋੜੀਂਦੇ ਫੰਡ ਜਾਰੀ ਕਰੇ। ਜਿੱਥੋਂ ਤੀਕ ਮਾਝੇ ਦੀ ਹਾਕੀ ਨੂੰ ਦੇਣ ਦਾ ਸਬੰਧ ਹੈ, ਇਸ ਖ਼ਬਰ ਅਨੁਸਾਰ ਮਾਝੇ ਨੇ ਸ. ਬਲਬੀਰ ਸਿੰਘ, ਸ.ਧਰਮ ਸਿੰਘ ਸੀਨੀਅਰ, ਸ. ਬਖ਼ਸ਼ੀਸ਼ ਸਿੰਘ, ਸ. ਮੰਨਾ ਸਿੰਘ, ਸ. ਧਰਮ ਸਿੰਘ ਜੂਨੀਅਰ, ਸ. ਹਰਚਰਨ ਸਿੰਘ, ਸ.ਮੁੱਖਬੈਨ ਸਿੰਘ, ਵਰਗੇ ਉਲੰਪੀਅਨ ਪੈਦਾ ਕੀਤੇ।

# ਭਗਵਾਨ ਸ੍ਰੀ ਬਾਲਮੀਕ ਜੀ ਦਾ ਪ੍ਰਕਾਸ਼-ਉਤਸਵ ਧੂਮ-ਧਾਮ ਨਾਲ ਮਨਾਇਆ ਗਿਆ









ਨਿਊਯਾਰਕ- (ਇਕਬਾਲ ਸਿੰਘ ਜੱਬੋਵਾਲ)-ਨਿਊਯਾਰਕ ਦੇ ਸ਼੍ਰੀ ਗੁਰੂ-ਰਵਿਦਾਸ ਗੁਰੂ-ਘਰ ਵਿਖੇ ਭਗਵਾਨ ਸ਼੍ਰੀ ਬਾਲਮੀਕ ਜੀ ਦਾ ਪ੍ਰਕਾਸ਼-ਉਤਸਵ ਬੜੇ ਧੂਮ-ਧਾਮ ਨਾਲ ਮਨਾਇਆ ਗਿਆ। ਗੁਰੂ-ਘਰ ਵਿਖੇ ਸ਼ੁਕਰਵਾਰ ਨੂੰ ਇਸ ਪੁਰਬ ਸੰਬੰਧ ਵਿੱਚ ਸ਼੍ਰੀ ਗੁਰੂ-ਗ੍ਰੰਥ ਸਾਹਿਬ ਜੀ ਦੇ ਅਖੰਡ-ਪਾਠ ਰੱਖੇ ਗਏ। ਸ਼ਨੀਚਰਵਾਰ ਨੂੰ ਵੀ ਸੇਵਾ ਚਲਦੀ ਰਹੀ।ਤਿੰਨ ਦਿਨ ਚੱਲੀ ਇਸ ਸੇਵਾ ਵਿੱਚ ਸੇਵਾਦਾਰਾਂ ਨੇ ਵਧ-ਚੜ੍ਹ ਕੇ ਹਿੱਸਾ ਪਾਇਆ। ਐਤਵਾਰ ਸਵੇਰੇ 10 ਵਜੇ ਭੋਗ ਪੈਣ ਉਪਰੰਤ ਕੀਰਤਨੀਆਂ ਭਾਈ ਖੇਮ ਸਿੰਘ ਪ੍ਰੇਮੀਂ ਅਤੇ ਭਾਈ ਮਹਿੰਦਰ ਸਿੰਘ ਸਾਗਰ, ਕਥਾ-ਵਾਚਕ ਭਾਈ ਮੁਖਤਿਆਰ ਸਿੰਘ ਫ਼ਲੱਸ਼ਿੰਗ ਗੁਰੂ-ਘਰ ਅਤੇ ਅਵਤਾਰ ਸਿੰਘ ਹੀਰਾ ਦੇ ਢਾਡੀ-ਜਥੇ ਨੇ ਭਗਵਾਨ ਬਾਲਮੀਕ ਜੀ ਦੀ ਜੀਵਨੀ 'ਤੇ ਚਾਨਣਾ ਪਾਇਆ ਤੇ ਢਾਡੀ-ਵਾਰਾਂ ਰਾਹੀਂ ਨਿਹਾਲ ਕੀਤਾ। ਭਗਵਾਨ ਸ਼੍ਰੀ ਬਾਲਮੀਕ ਆਫ਼ ਨਿਊਯਾਰਕ ਦੇ ਮੁਖ-ਸੇਵਾਦਾਰਾਂ ਮੱਖਣ ਸਿੰਘ ਲੋਹਟੀਆ, ਮਨੋਹਰ ਸਿੰਘ (ਬਿੱਟੂ) ਬੈਂਸ ਅਤੇ ਭਾਈਚਾਰੇ ਦੇ ਜਾਣੇ ਮਾਨੇ ਚਮਨ ਲਾਲ ਥਾਪਰ ਅਤੇ ਸਮੂਹ ਕਮੇਟੀ ਅਤੇ ਭਾਈਚਾਰੇ ਦੇ ਮੈਂਬਰਾਂ ਨੇ ਗੁਰੂ-ਘਰ ਵਿਖੇ ਆ ਕੇ ਹਾਜ਼ਰੀ ਭਰੀ। ਪ੍ਰਸਿੱਧ ਗੀਤਕਾਰ ਅਲਮਸਤ ਦੇਸਰਪੁਰੀ ਵੀ ਗੁਰੂ-ਘਰ ਵਿਖੇ ਆ ਨਤਮਸਤਕ ਹੋਏ।ਉਨ੍ਹਾਂ ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਪਣੀ ਕਲਮ ਤੋਂ ਭਗਵਾਨ ਬਾਲਮੀਕ ਜੀ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ਼ ਜੀ ਬਾਰੇ ਲਿਖਿਆ ਗੀਤ ਪੇਸ਼ ਕੀਤਾ। ਗੁਰੂ-ਘਰ ਵਲੋਂ ਦੇਸਰਪੁਰੀ ਜੀ ਦਾ ਮਾਨ-ਸਨਮਾਨ ਕੀਤਾ ਗਿਆ।ਇਕਬਾਲ ਜੱਬੋਵਾਲੀਆ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਭਗਵਾਨ ਸ਼੍ਰੀ ਬਾਲਮੀਕ ਜੀ ਦੇ ਜਨਮ-ਪੁਰਬ 'ਤੇ ਨਿਊਯਾਰਕ ਦੇ ਸਮੁੱਚੇ ਭਾਈਚਾਰੇ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਮੁਬਾਰਕਬਾਦ ਦਿਤੀ ਅਤੇ ਦੇਸਰਪੁਰੀ ਸਾਹਿਬ ਜੀ ਦੀ ਗੀਤਕਾਰੀ ਬਾਰੇ ਚਾਨਣਾ ਪਾਇਆ ਅਤੇ ਮੁਖ-ਸੇਵਾਦਾਰ ਸ. ਨਿਰਮਲ ਸਿੰਘ ਦੀ ਪ੍ਰਧਾਨਗੀ ਵਾਲੀ ਸ਼੍ਰੀ ਗੁਰੂ-ਰਵਿਦਾਸ ਸਭਾ ਆਫ਼ ਨਿਊਯਾਰਕ ਅਤੇ ਸ਼੍ਰੀ ਗੁਰੂ-ਰਵਿਦਾਸ ਵੈਲਫ਼ੇਅਰ ਸੁਸਾਇਟੀ ਆਫ਼ ਨਿਊਯਾਰਕ ਦੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ ਜਿੰਨ੍ਹਾਂ ਭਗਵਾਨ ਸ਼੍ਰੀ ਬਾਲਮੀਕ ਜੀ ਦੇ ਜਨਮ-ਪੁਰਬ ਸੰਬੰਧੀ ਵੱਡਾ ਉਪਰਾਲਾ ਕਰ ਕੇ ਪ੍ਰੋਗਰਾਮ ਉਲੀਕਿਆ ਗਿਆ। ਮੱਖਣ ਸਿੰਘ ਲੋਹਟੀਆਂ ਨੇ ਸਮੂਹ ਭਾਈਚਾਰੇ ਅਤੇ ਗੁਰੂ-ਘਰ ਦੀ ਸਮੁੱਚੀ ਕਮੇਟੀ ਦਾ ਧੰਨਵਾਦ ਕੀਤਾ।ਗੁਰੂ-ਘਰ ਵਿਖੇ ਅਤੁੱਟ ਲੰਗਰ ਚਲਦੇ ਰਹੇ। ਸਟੇਜ਼ ਦੀ ਸੇਵਾ ਪਰਮਜੀਤ ਸੀਤਾ ਅਤੇ

# ਸ. ਸਵਰਨ ਸਿੰਘ ਤੇ ਉਹਨਾਂ ਦੇ ਸਮੂਹ ਪਰਿਵਾਰ ਨੂੰ ਗਹਿਰਾ ਸਦਮਾ

ਯੂਬਾ ਸਿਟੀ (ਦਿਲਵਿੰਦਰ ਰੱਲ੍ਹ)- ਭਗਵਾਨ ਬੁੱਧ ਦਾ ਕਥਨ ਹੈ ਕਿ ਸੰਸਾਰ ਦੁੱਖਾਂ ਦਾ ਘਰ ਹੈ, ਗੁਰੂ ਰਵਿਦਾਸ ਜੀ ਦਾ ਕਥਨ ਹੈ ਕਿ ਜੋ ਉਪਜੇ ਸੋ ਬਿਨਸੇ ਅਤੇ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਨਾਨਕ ਦੁਖੀਆ ਸਭੁ ਸੰਸਾਰ। ਬਾਣੀ ਗੁਰਬਾਣੀ ਅਨੁਸਾਰ ਇਹ ਸੰਸਾਰ ਦੁੱਖਾਂ ਸੁੱਖਾਂ ਦਾ ਮਿਸ਼ਰਣ ਹੈ ਅਤੇ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਸਭ ਜੀਵਾਂ ਦਾ ਆਉਣਾ ਜਾਣਾ ਬਣਿਆ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਇਹ ਵੀ ਫੁਰਮਾਨ ਹੈ ਕਿ ਘੱਲੇ ਆਵੇ ਨਾਨਕਾ ਸੱਦੇ ਉਠ ਜਾਇ ਭਾਵ ਉਸ ਪਰਵਦਗਾਰ ਦੇ ਘੱਲੇ ਅਸੀਂ ਆਉਂਦੇ ਹਾਂ ਤੇ ਉਸਦੇ ਹੁਕਮੇ ਅਸੀਂ ਉਠ ਜਾਂਦੇ ਹਾਂ।

ਇਸ ਭਾਣੇ ਦੀ ਰਜ਼ਾ ਵਿਚ ਰਹਿਣ ਵਾਲੀ ਬੀਬੀ ਕਰਮ ਕੌਰ ਸੁਪਤਨੀ ਸ੍ਰੀ ਸਵਰਨ ਸਿੰਘ ਯੂਬਾ ਸਿਟੀ ਨਿਵਾਸੀ, ਜਿਹਨਾਂ ਦਾ ਪਿਛਲਾ ਪਿੰਡ ਕੁੱਕੜ ਪਿੰਡ ਜ਼ਿਲ੍ਹਾ ਜਲੰਧਰ ਹੈ, ਦਾ 2 ਦਸੰਬਰ 2013 ਨੂੰ ਸਵਰਗਵਾਸ ਹੋ ਗਿਆ ਸੀ ਅਤੇ ਉਹਨਾਂ ਦਾ 6 ਦਸੰਬਰ ਨੂੰ ਸਸਕਾਰ ਕਰਨ ਉਪਰੰਤ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸਵਰਗੀ ਕਰਮ ਕੌਰ ਦੀ ਆਤਮਕ ਸ਼ਾਂਤੀ ਲਈ ਪਾਠ ਰਖਾਏ ਗਏ ਤੇ ਅੰਤਿਮ ਅਰਦਾਸ ਕੀਤੀ ਗਈ, ਜਿਸ ਦੀਆਂ ਸਾਰੀਆਂ ਪਾਠ ਅਤੇ ਅੰਤਿਮ ਅਰਦਾਸ ਦੀਆਂ ਰਸਮਾਂ ਗੁਰੂ ਘਰ ਦੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਜੀ ਨੇ ਨਿਭਾਈਆਂ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ, ਸਕੇ ਸਬੰਧੀ ਤੇ ਦੂਰੋਂ ਨੇੜਉਂ ਪਹੁੰਚੇ ਭਾਈਚਾਰੇ ਨੇ ਵਿਛੜੀ ਰੂਹ ਦੀ ਅੰਤਿਮ ਅਰਦਾਸ ਵਿਚ ਹਾਜ਼ਰੀਆਂ ਭਰੀਆਂ ਅਤੇ ਉਹਨਾਂ ਦੁਖੀ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ।

## ਵੀਜ਼ਾ ਬੁਲਿਅਟਨ ਭਾਰਤ ਜਨਵਰੀ 2014

| ਸ਼੍ਰੇਣੀ | | ਤਾਰੀਕਾਂ |
|---|---|---|
| 1. | ਅਮਰੀਕਨ ਨਾਗਰਿਕਾਂ ਦੇ ਅਣਵਿਆਹੇ ਬੇਟੇ ਤੇ ਬੇਟੀਆਂ | 08 ਦਸੰਬਰ 2006 |
| 2ੳ. | ਪਕੇ ਵਸਨੀਕਾਂ ਦੇ ਪਤੀ / ਪਤਨੀ ਤੇ ਬਚੇ | 08 ਸਤੰਬਰ 2013 |
| 2ਅ. | ਪਕੇ ਵਸਨੀਕਾਂ ਦੇ ਅਣਵਿਆਹੇ ਬੇਟੇ ਤੇ ਬੇਟੀਆਂ | 01 ਜੂਨ 2006 |
| 3. | ਅਮਰੀਕਨ ਨਾਗਰਿਕਾਂ ਦੇ ਵਿਆਹੇ ਬੇਟੇ ਤੇ ਬੇਟੀਆਂ | 15 ਅਪਰੈਲ 2003 |
| 4. | ਅਮਰੀਕਨ ਨਾਗਰਿਕਾਂ ਦੇ ਭੈਣ ਤੇ ਭਰਾ | 01 ਅਕਤੂਬਰ 2001 |

ਸਪੈਸ਼ਲ ਨੋਟ: ਵੀਜਿਆਂ ਦਾ ਪਿਛਲੇ ਸਾਲਾਂ ਦੇ ਪ੍ਰਾਪਤ ਕਰਨ ਵਾਲੇ ਰਹਿ ਗਏ ਉਮੀਦਵਾਰਾਂ ਨੂੰ ਪਹਿਲ ਦੇਣ ਲਈ ਸਾਰਿਆਂ ਵੀਜਿਆਂ ਦੀਆਂ ਕੈਟਾਗਰੀਆਂ ਦਾ ਸਮਾਂ ਪਿਛੇ ਗਿਆ ਹੈ, ਜੇਕਰ ਕਿਸੇ ਪਾਠਕ ਨੂੰ ਪ੍ਰਸ਼ਨ ਹੋਵੇ ਤਾਂ ਇਮੀ-ਗ੍ਰੇਸ਼ਨ ਵਿਭਾਗ ਨੂੰ ਫੋਨ ਕਰ ਸਕਦਾ ਹੈ

ਨੋਟ: ਜੇਕਰ ਕਿਸੇ ਪਾਠਕ ਦਾ ਪ੍ਰਸ਼ਨ ਹੋਵੇ ਤਾਂ ਦਿਤੇ ਈਮੇਲ ਐਡਰੈਸ ਤੇ ਆਪਣਾ ਸਵਾਲ ਵੇਰਵੇ ਸਹਿਤ ਫੋਨ ਨੰਬਰ ਸਮੇਤ ਭੇਜੋ ਸਿਰਫ ਉਨਾਂ ਈਮੇਲ ਦਾ ਜੁਆਬ ਦਿਤਾ ਜਾਵੇਗਾ ਜਿਨ੍ਹਾਂ ਵਿਚ ਨਾਂ ਤੇ ਫੋਨ ਨੰਬਰ ਦਿਤਾ ਹੋਵੇਗਾ, ਜੇਕਰ ਕਿਸੇ ਪਾਠਕ ਨੇ ਫੋਨ ਤੇ ਗਲਬਾਤ ਕਰਨੀ ਤਾਂ ਸਿਰਫ ਸ਼ਨੀਵਾਰ ਜਾਂ ਐਤਵਾਰ ਫੋਨ ਕਰੋ 408-449-9388 dhillonjaspal@hotmail.com

# ਨੈਲਸਨ ਮੰਡੇਲਾ: ਇਕ ਯੁੱਗ ਪ੍ਰਵਰਤਕ

ਸਦੀਆਂ ਬਾਅਦ ਅਜਿਹੇ ਸੰਘਰਸ਼ਸ਼ੀਲ ਇਨਸਾਨ ਇਸ ਧਰਤੀ ਤੇ ਆਉਂਦੇ ਹਨ, ਜਿਹੜੇ ਦੁਨੀਆਂ ਨੂੰ ਬਦਲਣ ਦੀ ਤਾਕਤ ਰੱਖਦੇ ਹਨ। ਅਜਿਹੇ ਸੰਘਰਸ਼ਮਈ ਲੋਕਾਂ ਵਿਚੋਂ ਦੁਨੀਆਂ ਵਿਚ ਕੁਝ ਚੋਣਵੇਂ ਨਾਂ ਹੀ ਹਨ, ਜਿਹਨਾਂ ਨੇ ਆਪਣਾ ਜੀਵਨ ਸੰਘਰਸ਼ ਦੇ ਲੇਖੇ ਲਗਾਇਆ ਅਤੇ ਇਸ ਦੁਨੀਆਂ ਤੋਂ ਬੁਰਾਈਆਂ ਦਾ ਅੰਤ ਕਰਨ ਦਾ ਰਾਹ ਪੱਧਰਾ ਕੀਤਾ। ਮੰਡੇਲਾ ਨੇ ਦੱਖਣੀ ਅਫਰੀਕਾ ਵਿਚ ਨਸਲਵਾਦੀ ਸਰਕਾਰ ਦੀ ਜਗ੍ਹਾ ਇਕ ਲੋਕਤੰਤਰੀ ਬਹੁਨਸਲੀ ਸਰਕਾਰ ਬਣਾਉਣ ਦੇ ਲਈ ਲੰਮਾ ਸੰਘਰਸ਼ ਕੀਤਾ ਅਤੇ ਇਸ ਦੇ ਲਈ ਉਹ 27 ਸਾਲ ਤੱਕ ਜੇਲ੍ਹ ਵਿਚ ਰਹੇ। ਦੇਸ਼ ਦੇ ਪਹਿਲੇ ਕਾਲੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਦੇ ਹੋਏ ਉਹਨਾਂ ਨੇ ਕਈ ਹੋਰ ਸੰਘਰਸ਼ਾਂ ਵਿਚ ਵੀ ਸ਼ਾਂਤੀ ਬਹਾਲ ਕਰਵਾਉਣ ਵਿਚ ਭੂਮਿਕਾ ਨਿਭਾਈ। ਉਹਨਾਂ ਨੂੰ 1993 ਵਿਚ ਨੋਬਲ ਸ਼ਾਂਤੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਜਿਹਨਾਂ ਲੋਕਾਂ ਨੇ ਉਹਨਾਂ ਨੂੰ ਜੇਲ੍ਹ ਵਿਚ ਬੰਦ ਰੱਖਿਆ, ਤਸੀਹੇ ਦਿੱਤੇ, ਉਹਨਾਂ ਦੇ ਪ੍ਰਤੀ ਵੀ ਉਹਨਾਂ ਦੇ ਮਨ ਵਿਚ ਕੋਈ ਕੜਵਾਹਟ ਨਹੀਂ ਸੀ। ਉਹ ਹਮੇਸ਼ਾ ਖੁਸ਼ਮਿਜਾਜ ਨਜ਼ਰ ਆਏ ਅਤੇ ਉਹਨਾਂ ਦੀ ਸ਼ਖਸੀਅਤ ਅਤੇ ਜ਼ਿੰਦਗੀ ਦੀ ਕਹਾਣੀ ਨੇ ਪੂਰੀ ਦੁਨੀਆਂ ਨੂੰ ਆਕਰਸ਼ਿਤ ਕੀਤਾ।

ਪੰਜ ਸਾਲ ਰਾਸ਼ਟਰਪਤੀ ਬਣੇ ਰਹਿਣ ਤੋਂ ਬਾਅਦ 1999 ਵਿਚ ਉਹਨਾਂ ਨੇ ਕੁਰਸੀ ਛੱਡੀ ਅਤੇ ਦੱਖਣੀ ਅਫਰੀਕਾ ਦੇ ਸਭ ਤੋਂ ਪ੍ਰਭਾਵਸ਼ਾਲੀ ਲੀਡਰ ਸਾਬਤ ਹੋਏ। ਉਹਨਾਂ ਨੇ ਐਚ ਆਈ ਵੀ ਅਤੇ ਏਡਜ਼ ਦੇ ਖਿਲਾਫ ਮੁਹਿੰਮ ਛੇੜੀ ਅਤੇ ਦੱਖਣੀ ਅਫਰੀਕਾ ਦੇ ਲਈ 2010 ਦੇ ਫੁਟਬਾਲ ਵਿਸ਼ਵ ਕੱਪ ਦੀ ਮੇਜ਼ਬਾਨੀ ਹਾਸਲ ਕਰਨ ਵਿਚ ਵੀ ਉਹਨਾਂ ਨੇ ਭੂਮਿਕਾ ਨਿਭਾਈ।

ਮੰਡੇਲਾ ਕਾਂਗੋ, ਬਰੂੰਡੀ ਅਤੇ ਅਫਰੀਕਾ ਦੇ ਹੋਰ ਦੇਸ਼ਾਂ ਵਿਚ ਸ਼ਾਂਤੀ ਬਹਾਲ ਕਰਨ ਦੀ ਪ੍ਰਕਿਰਿਆ ਵਿਚ ਸ਼ਾਮਲ ਰਹੇ ਹਨ।

ਸਾਲ 2001 ਵਿਚ ਉਹਨਾਂ ਨੂੰ ਪਤਾ ਲੱਗਿਆ ਕਿ ਉਹਨਾਂ ਨੂੰ ਪ੍ਰੋਸਟੈਂਟ ਕੈਂਸਰ ਹੈ ਅਤੇ 2004 ਵਿਚ ਉਹਨਾਂ ਨੇ ਜਨਤਕ ਜ਼ਿੰਦਗੀ ਤੋਂ ਸੰਨਿਆ ਲੈ ਲਿਆ। ਮੰਡੇਲਾ ਦਾ ਜਨਮ 1918 ਵਿਚ ਈਸਟਰਨ ਕੇਪ ਆਫ ਸਾਊਥ ਅਫਰੀਕਾ ਦੇ ਇਕ ਛੋਟੇ ਜਿਹੇ ਪਿੰਡ ਵਿਚ ਹੋਇਆ। ਉਹ ਮਦੀਬਾ ਕਬੀਲੇ ਤੋਂ ਸਨ ਅਤੇ ਦੱਖਣੀ ਅਫਰੀਕਾ ਵਿਚ ਉਹਨਾਂ ਨੇ ਅਕਸਰ ਉਹਨਾਂ ਦੇ ਕਬੀਲੇਦੇ ਨਾਂ ਯਾਨਿ ਮਦੀਬਾ ਕਹਿ ਕੇ ਬੁਲਾਇਆ ਜਾਂਦਾ ਸੀ। ਉਹਨਾਂ ਦੇ ਕਬੀਲੇ ਨੇ ਉਹਨਾਂ ਦਾ ਨਾਂ ਰਾਲਿਹਲਾਹਲਾ ਦਾਲਿਭੰਗਾ ਰੱਖਿਆ ਸੀ ਪਰ ਉਹਨਾਂ ਦੇ ਸਕੂਲ ਦੇ ਇਕ ਅਧਿਆਪਕ ਨੇ ਉਹਨਾਂ ਦਾ ਅੰਗਰੇਜ਼ੀ ਨਾਂ ਨੈਲਸਨ ਰੱਖਿਆ।

ਉਹਨਾਂ ਦੇ ਪਿਤਾ ਥੇਂਬੂ ਰਾਜ ਪਰਿਵਾਰ ਵਿਚ ਸਲਾਹਕਾਰ ਸਨ ਅਤੇ ਜਦੋਂ ਉਹਨਾਂ ਦੀ ਮੌਤ ਹੋਈ ਤਾਂ ਨੈਲਸਨ ਮੰਡੇਲਾ 9 ਸਾਲ ਦੇ ਸਨ। ਉਹਨਾ ਦਾ ਬਚਪਨ ਥੇਂਬੂ ਕਬੀਲੇ ਦੇ ਮੁਖੀ ਜੋਗਿਨਤਾਬਾ ਦਲਿਨਦਯਾਬੋ ਦੀ ਦੇਖਭਾਲ ਵਿਚ ਬੀਤਿਆ। ਉਹ 1943 ਵਿਚ ਅਫਰੀਕਾ ਨੈਸ਼ਨਲ ਕਾਂਗਰਸ ਨਾਲ ਜੁੜੇ, ਪਹਿਲਾਂ ਇਕ ਵਰਕਰ ਦੇ ਤੌਰ ਤੇ ਅਤੇ ਫਿਰ ਉਹਨਾਂ ਦੀ ਨੌਜਵਾਨ ਸ਼ਾਖਾ ਦੇ ਸੰਸਥਾਪਕ ਅਤੇ ਪ੍ਰਧਾਨ ਦੇ ਤੌਰ ਤੇ ਅਤੇ ਫਿਰ ਕਈ ਸਾਲਾਂ ਤੱਕ ਜੇਲ੍ਹ ਵਿਚ ਬੰਦ ਰਹਿਣ ਤੋਂ ਬਾਅਦ ਉਹ ਅਫਰੀਕੀ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਵੀ ਬਣੇ

ਉਹਨਾਂ ਦਾ ਪਹਿਲਾ ਵਿਆਹ 1944 ਵਿਚ ਹੋਇਆ ਅਤੇ ਇਸ ਵਿਆਹ ਤੋਂ ਉਹਨਾਂ ਦੇ ਤਿੰਨ ਬੱਚੇ ਹੋਏ। 13 ਸਾਲਾਂ ਬਾਅਦ ਉਹਨਾਂ ਦਾ ਤਲਾਕ ਹੋ ਗਿਆ। ਉਹਨਾਂ ਨੇ ਕਾਨੂੰਨ ਦੀ ਸਿੱਖਿਆ ਲਈ ਅਤੇ 1952 ਵਿਚ ਜੋਹਾਨੇਸਬਰਗ ਵਿਚ ਆਪਣੇ ਦੋਸਤ ਓਲੀਵਰ ਟੈਬੋ ਦੇ ਨਾਲ ਵਕਾਲਤ ਦੀ ਸ਼ੁਰੂਆਤ ਕੀਤੀ। ਇਹਨਾ ਦੋਵਾਂ ਨੇ ਨਸਲਵਾਦੀ ਨੀਤੀਆਂ ਦੇ ਖਿਲਾਫ ਮੁਹਿੰਮ ਚਲਾਈ। ਚਾਰ ਸਾਲਾਂ ਤੋਂ ਬਾਅਦ 1956 ਵਿਚ ਉਹਨਾਂ ਤੇ ਹੋਰ 155 ਲੋਕਾਂ ਦੇ ਨਾਲ ਦੇਸ਼ ਧਰੋਹ ਦਾ ਦੋਸ਼ ਲਗਾਇਆ ਗਿਆ ਪਰ ਚਾਰ ਸਾਲਾਂ ਤੱਕ ਚੱਲੀ ਸੁਣਵਾਈ ਤੋਂ ਬਾਅਦ ਫਿਰ ਉਹਨਾਂ ਨੂੰ ਬਰੀ ਕਰ ਦਿੱਤਾ ਗਿਆ।

ਨਸਲਵਾਦ ਦੇ ਖਿਲਾਫ ਸੰਘਰਸ਼ ਵਿਚ ਤੇਜ਼ੀ ਆਉਣ ਲੱਗੀ ਸੀ, ਖਾਸ ਕਰਕੇ ਉਸ ਕਾਨੂੰਨ ਦਾ ਵਿਰੋਧ ਹੋ ਰਿਹਾ ਸੀ ਜੋ ਤੈਅ ਕਰਦਾ ਸੀ ਕਿ ਕਾਲੇ ਲੋਕ ਕਿੱਥੇ ਰਹਿ ਸਕਦੇ ਹਨ ਅਤੇ ਕਿੱਥੇ ਕੰਮ ਕਰ ਸਕਦੇ ਹਨ।

ਉਹਨਾਂ ਨੇ 1958 ਵਿਚ ਵਿਨੀ ਮਦੀਕੇਜੇਲਾ ਨਾਲ ਵਿਆਹ ਕਰਵਾਇਆ, ਜਿਸਨੇ ਉਹਨਾਂ ਦੇ ਜੇਲ੍ਹ ਤੋਂ ਨਿਕਲਣ ਦੀ ਮੁਹਿੰਮ ਵਿਚ ਸਰਗਰਮ ਭੂਮਿਕਾ ਨਿਭਾਈ। ਅਫਰੀਕੀ ਨੈਸ਼ਨਲ ਕਾਂਗਰਸ ਨੂੰ 1960 ਵਿਚ ਪਾਬੰਦੀਸ਼ੁਦਾ ਸੰਗਠਨ ਐਲਾਨਿਆ ਗਿਆ ਅਤੇ ਮੰਡੇਲਾ ਰੂਪੋਸ਼ ਹੋ ਗਏ। ਨਸਲਪੇਦੀ ਸਰਕਾਰ ਦੇ ਨਾਲ ਤਣਾਅ ਹੋਰ ਵਧਿਆ ਜਦੋਂ 1960 ਵਿਚ 69 ਕਾਲੇ ਲੋਕ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਬਣਾਏ ਗਏ। ਉਸਨੂੰ ਸ਼ਾਰਪਵਿਲ ਹੱਤਿਆਕਾਂਡ ਦੇ ਨਾਂ ਨਾਲ ਜਾਣਿਆ ਗਿਆ।

ਉਸ ਘਟਨਾ ਨੇ ਸ਼ਾਂਤੀ ਪੂਰਨ ਸੰਘਰਸ਼ ਤੇ ਰੋਕ ਲਗਾ ਦਿੱਤੀ ਅਤੇ ਮੰਡੇਲਾ ਨੇ ਵੀ ਆਰਥਿਕ ਵਿਤਕਰੇ ਤੇ ਵਿਰੋਧ ਪ੍ਰਦਰਸ਼ਨ ਆਰੰਭ ਕਰ ਦਿੱਤੇ। ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਹਨਾਂ ਤੇ ਦੇਸ਼ ਧਰੋਹੀ ਅਤੇ ਹਿੰਸਕ ਤਰੀਕਿਆਂ ਨਾਲ ਤਖਤਾ ਪਲਟਣ ਦੇ ਦੋਸ਼ ਲਗਾਏ।

ਉਹਨਾਂ ਨੂੰ 1964 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ। 12 ਮਹੀਨਿਆਂ ਬਾਅਦ 1968 ਅਤੇ 1969 ਵਿਚਕਾਰ ਉਹਨਾਂ ਦੀ ਮਾਂ ਦੀ ਮੌਤ ਹੋ ਗਈ ਅਤੇ ਉਹਨਾਂ ਦਾ ਸਭ ਤੋਂ ਵੱਡਾ ਮੁੰਡਾ ਕਾਰ ਹਾਦਸੇ ਵਿਚ ਮਾਰਿਆ ਗਿਆ ਪਰ ਉਹਨਾਂ ਨੂੰ ਉਹਨਾਂ ਦੇ ਅੰਤਿਮ ਸਸਕਾਰ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਾ ਦਿੱਤੀ ਗਈ।

ਮੰਡੇਲਾ ਦੇ ਵਕੀਲ ਦੋਸਤ ਟੈਬੋ ਨੇ 1980 ਵਿਚ ਉਹਨਾਂ ਦੀ ਰਿਹਾਈ ਦੇ ਲਈ ਅੰਤਰ ਰਾਸ਼ਟਰੀ ਮੁਹਿੰਮ ਦੀ ਸ਼ੁਰੂਆਤ ਕੀਤੀ। ਵਿਸ਼ਵ ਭਾਈਚਾਰੇ ਨੇ ਨਸਲਵਾਦੀ ਦੱਖਣੀ ਅਫਰੀਕੀ ਸਰਕਾਰ ਤੇ 1967 ਵਿਚ ਲਗਾਈਆਂ ਪਾਬੰਦੀਆਂ ਨੂੰ ਹੋਰ ਸਖਤ ਕਰ ਦਿੱਤਾ। ਦਬਾਅ ਦਾ ਅਸਰ ਇਹ ਹੋਇਆ ਕਿ 1990 ਵਿਚ ਰਾਸ਼ਟਰਪਤੀ ਐਫ. ਡਬਲਿਊ ਡੀ ਕਲਾਰਕ ਨੇ ਅਫਰੀਕੀ ਨੈਸ਼ਨਲ ਕਾਂਗਰਸ ਤੇ ਲੱਗੀ ਪਾਬੰਦੀ ਨੂੰ ਹਟਾ ਲਿਆ ਅਤੇ ਮੰਡੇਲਾ ਨੂੰ ਵੀ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ।

ਦਸੰਬਰ 1993 ਵਿਚ ਨੈਲਸਨ ਮੰਡੇਲਾ ਅਤੇ ਐਫ. ਡਬਲਿਊ ਡੀ ਕਲਾਰਕ ਨੂੰ ਨੋਬਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ।

# ਇਹ ਕੇਹੀ ਆਜ਼ਾਦੀ ਹੈ



– ਨਿਰਮਲ ਚੌਹਾਨ
91-94631- 61691

ਦੇਸ਼ ਆਪਣਾ ਛਿਆਨਵਾਂ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਹੈ, ਪਰ ਦੂਜੇ ਪਾਸੇ ਜਾਤੀ ਨੂੰ ਦੂਰ ਕਰਨ ਦੀ ਗੱਲ ਤਾਂ ਦੂਰ ਰਹੀ, ਇਸ ਨੂੰ ਛੂਹ ਵੀ ਨਹੀਂ ਸਕੇ। ਪਿੱਛੇ ਜਿਹੇ ਇਲਾਹਾਬਾਦ ਹਾਈਕੋਰਟ ਰਾਹੀਂ ਦਿੱਤੇ ਗਏ ਫੈਸਲੇ ਤੋਂ ਇਸਦੀ ਪੁਸ਼ਟੀ ਹੁੰਦੀ ਹੈ ਕਿ ਜਾਤੀ-ਵਿਵਸਥਾ ਨਾ ਸਿਰਫ ਸਮਾਜ ਵਿਚ, ਬਲਕਿ ਰਾਜਨੀਤੀ ਵਿਚ ਆਪਣੀ ਅਹਿਮੀਅਤ ਰੱਖਦੀ ਹੈ। ਇਲਾਹਾਬਾਦ ਹਾਈ ਕੋਰਟ ਨੇ ਕਿਹਾ ਹੈ ਕਿ ਜਾਤੀ ਦੇ ਆਧਾਰ 'ਤੇ ਰਾਜਨੀਤਿਕ ਰੈਲੀਆਂ ਨਹੀਂ ਹੋਣੀਆਂ ਚਾਹੀਦੀਆਂ। ਕੀ ਜਾਤੀ ਦੇ ਆਧਾਰ ਤੇ ਸਮਾਜਿਕ ਅਤੇ ਸੰਸਕ੍ਰਿਤਕ ਸੰਮੇਲਨ ਹੋਣ? ਇਸ ਫੈਸਲੇ ਦਾ ਸਵਾਗਤ ਅਤੇ ਵਿਰੋਧ ਦੋਵੇਂ ਹੋਏ, ਪਰ ਵਿਰੋਧ ਦਾ ਸੁਰ ਜ਼ਾਹਿਰ ਇਸ ਲਈ ਨਹੀਂ ਹੋਇਆ ਕਿ ਅਦਾਲਤ ਦਾ ਫੈਸਲਾ ਹੈ ਅਤੇ ਇਸ ਦਾ ਇਸਤੇਮਾਲ ਪਰਦੇ ਦੇ ਪਿੱਛੇ ਹੀ ਵੱਧ ਹੁੰਦਾ ਹੈ। 66 ਸਾਲ ਬਹੁਤ ਹੁੰਦੇ ਹਨ, ਕੁਝ ਕਰਨ ਦੇ ਲਈ। ਦੁਨੀਆਂ ਦੇ ਤਮਾਮ ਸਮਾਜ ਅਤੇ ਦੇਸ਼ ਸਾਡੇ ਤੋਂ ਬਾਅਦ ਵਿਚ ਆਜ਼ਾਦ ਹੋਏ ਜਾਂ ਤਰੱਕੀ ਦਾ ਰਾਹ ਫੜਿਆ, ਪਰ ਉਹ ਬਹੁਤ ਅਗਾਂਹ ਲੰਘ ਗਏ। ਕਿਹੜਾ ਇਹੋ ਜਿਹਾ ਮੁੱਖ ਕਾਰਨ ਹੈ ਕਿ ਜਿਹਦੀ ਵਜ੍ਹਾ ਨਾਲ ਸਾਰੇ ਯਤਨਾਂ 'ਤੇ ਪਾਣੀ ਫਿਰਦਾ ਨਜ਼ਰ ਆ ਰਿਹਾ ਹੈ। ਅਸੀਂ ਛੇ ਹਜ਼ਾਰ ਜਾਤੀਆਂ ਅਤੇ 65 ਹਜ਼ਾਰ ਉਪ-ਜਾਤੀਆਂ ਵਿਚ ਵੰਡੇ ਹੋਏ ਹਾਂ। ਵਟਵਾਰੇ ਦਾ ਅੰਤ ਇੱਥੇ ਨਹੀਂ ਖਤਮ ਹੁੰਦਾ, ਬਲਕਿ ਇਹ ਗੋਤਰ ਵਿਚ ਜਾ ਕੇ ਖਤਮ ਹੁੰਦਾ ਹੈ। ਇਕ ਜਾਤੀ ਵਿਚ ਕਈ ਗੋਤ ਹੁੰਦੇ ਹਨ ਅਤੇ ਇਸੇ ਤਰ੍ਹਾਂ ਹੀ ਅਸੀਂ ਅੱਜ ਵੀ ਕਿੰਨਿਆਂ ਟੁਕੜਿਆਂ ਵਿਚ ਵੰਡੇ ਹੋਏ ਹਾਂ। ਜਿਹਨਾਂ ਲੋਕਾਂ ਨੂੰ ਇਹ ਵੰਡ ਦਿਖਾਈ ਨਹੀਂ ਦਿੰਦੀ ਜਾਂ ਉਹ ਇਸ ਦਾ ਪਰਿਣਾਮੀ ਅਸਰ ਨਹੀਂ ਦੇਖ ਪਾਉਂਦੇ ਹਨ, ਉਹ ਵੀ ਜਾਣ ਲੈਣ ਕਿ ਸ਼ਾਸਨ, ਪ੍ਰਸ਼ਾਸਨ, ਅਰਥ ਵਿਵਸਥਾ, ਆਚਾਰ-ਵਿਚਾਰ ਆਦਿ ਇਸ ਤੋਂ ਪ੍ਰਭਾਵਿਤ ਹੁੰਦੇ ਰਹਿੰਦੇ ਹਨ।

ਹਾਲ ਹੀ ਵਿਚ ਗਰੀਬੀ ਰੇਖਾ 'ਤੇ ਬਹਿਸ ਤੇਜ਼ ਹੋਈ ਹੈ। ਸ਼ਹਿਰਾਂ ਵਿਚ ਜਿਹਨਾਂ ਦੀ ਰੋਜ਼ਾਨਾ ਆਮਦਨੀ 30-40 ਰੁਪਏ ਨਾਲੋਂ ਵੱਧ ਹੈ, ਉਹ ਗਰੀਬੀ ਰੇਖਾ ਦੇ ਉਪਰ ਹੈ ਅਤੇ ਪਿੰਡਾਂ ਵਿਚ ਇਹ ਸੀਮਾ 20 ਰੁਪਏ ਹੈ। ਕਾਂਗਰਸ ਦੇ ਬੁਲਾਰੇ ਨੇ ਇੱਥੋਂ ਤੱਕ ਆਖ ਦਿੱਤਾ ਕਿ 12 ਰੁਪਏ ਵਿਚ ਇਕ ਆਦਮੀ ਰਜਵੀਂ ਰੋਟੀ ਖਾ ਸਕਦਾ ਹੈ। ਹੋ-ਹੱਲਾ ਹੋਣ ਦੇ ਬਾਅਦ ਗਰੀਬੀ ਰੇਖਾ ਦੀ ਇਸ ਪਰਿਭਾਸ਼ਾ ਤੋਂ ਪੈਰ ਪਿਛਾਂਹ ਖਿੱਚ ਲਿਆ। ਸਮੇਂ ਸਮੇਂ ਨਾਲ ਗਰੀਬੀ ਰੇਖਾ ਦੇ ਮਾਪਦੰਡ ਵੀ ਬਦਲਦੇ ਰਹਿੰਦੇ ਹਨ। ਇਕ ਅਰਥ ਸ਼ਾਸਤਰੀ ਗਰੀਬੀ ਦੇ ਕਾਰਨ ਨੂੰ ਧਨ ਦਾ ਅਸੰਤੁਲਿਤ ਲੈਣ-ਦੇਣ, ਕੁੱਲ ਘਰੇਲੂ ਸਕਲ ਉਤਪਾਦਨ ਦਾ ਡਿੱਗਣਾ, ਘੱਟ ਅਨਾਜ ਦੇ ਉਤਪਾਦਨ ਆਦਿ ਨੂੰ ਸਮਝਦਾ ਹੈ, ਨਾ ਕਿ ਇਹਨਾਂ ਦੇ ਪਿੱਛੇ ਦੀ ਸਮਾਜਿਕ ਵਿਵਸਥਾ- ਜਾਤੀ ਨੂੰ। ਇਸ ਘੇਰੇ ਵਿਚ ਨਾ ਇਕ ਅਰਥ ਸ਼ਾਸਤਰੀ, ਬਲਕਿ ਸਾਹਿਤਕਾਰ, ਲੇਖਕ, ਰਾਜਨੀਤਿਕ, ਨੌਕਰਸ਼ਾਹ ਅਤੇ ਵਪਾਰੀ ਆਦਿ ਸਾਰੇ ਹਨ। ਆਜ਼ਾਦੀ ਦੇ ਐਨੇ ਦਿਨ ਲੰਘ ਜਾਣ ਦੇ ਬਾਅਦ ਭਲੇ ਹੀ ਸੁਨਹਿਰੀ ਤਰੱਕੀ ਨਾ ਹੋਈ ਹੋਵੇ, ਪਰ ਸੋਚ ਦੇ ਪੱਧਰ 'ਤੇ ਬੁਨਿਆਦ ਕਮਜ਼ੋਰ ਹੋਵੇ ਤਾਂ ਚਿੰਤਾ ਵਾਲੀ ਗੱਲ ਹੈ। ਕਿਸੇ ਵੀ ਦੇਸ਼ ਜਾਂ ਸਮਾਜ ਦਾ ਵਿਕਾਸ ਉਥੋਂ ਦੇ ਲੋਕਾਂ ਦੀ ਸੋਚ 'ਤੇ ਨਿਰਭਰ ਕਰਦਾ ਹੈ। ਜੇਕਰ ਸਾਡੀ ਸੋਚ ਪ੍ਰਤੀਕਿਰਿਆਵਾਦੀ ਹੈ ਤਾਂ ਭਵਿੱਖ ਵਿਚ ਵੀ ਆਸਾਰ ਨਹੀਂ ਲੱਗਦਾ ਕਿ ਕਿਸੇ ਮੁਕਾਮ 'ਤੇ ਪਹੁੰਚ ਸਕਾਂਗੇ।

ਸਭ ਨਾਲੋਂ ਵੱਧ ਚਿੰਤਾ ਦਾ ਵਿਸ਼ਾ ਉਹ ਲੋਕ ਹਨ ਜੋ ਪੜ੍ਹੇ-ਲਿਖੇ ਹੋ ਕੇ ਵੀ ਜਾਤੀ ਦੀ ਮਾਨਸਿਕਤਾ ਤੋਂ ਉਤਾਂਹ ਨਹੀਂ ਉਠ ਸਕੇ ਹਨ। ਭਲੇ ਹੀ ਜ਼ਿਆਦਾਤਰ ਰਾਜਨੀਤਿਕ ਦਲ ਜਾਤੀ ਦੇ ਆਧਾਰ 'ਤੇ ਧਰੁਵੀਕਰਨ ਨੂੰ ਨਕਾਰਦੇ ਹੋਣ, ਪਰ ਇਸ ਨਾਲ ਬੇਹੱਦ ਲਗਾਅ ਹੀ ਨਹੀਂ ਹੈ, ਬਲਕਿ ਉਹਨਾਂ ਦੇ ਕੋਲ ਪਿੰਡ ਤੱਕ ਦ ਜਾਤੀ ਅੰਕੜੇ ਹਨ।

ਰਜਿਸਟਰਾਰ ਜਨਰਲ ਆਫ ਇੰਡੀਆ ਦਾ ਸਰਵੇ ਇਸ ਮਾਮਲੇ ਵਿਚ ਮੁਕਾਬਲਾ ਨਹੀਂ ਕਰਦਾ ਹੈ ਕਿ ਕਿਸੇ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਕਿੰਨੇ ਪਿੰਡ ਅਤੇ ਬੂਥ ਹਨ ਅਤੇ ਉਹਨਾਂ ਵਿਚੋਂ ਕਿਹੜੀਆਂ-ਕਿਹੜੀਆਂ ਜਾਤੀਆਂ ਰਹਿ ਰਹੀਆਂ ਹਨ। ਉਮੀਦਵਾਰ ਤੈਅ ਕਰਦੇ ਸਮੇਂ ਸਾਰੀਆਂ ਜਾਤੀਆਂ ਦੇ ਸਮੀਕਰਨ ਦੇ ਹਿਸਾਬ ਨਾਲ ਟਿਕਟ ਦੇਣ ਦੀ ਕੋਸ਼ਿਸ਼ ਕਰਦੇ ਹਨ। ਜਾਤੀ ਦਾ ਧਰੁਵੀਕਰਨ ਚੋਣਾਂ ਵਿਚ ਜਿਤਾਊ ਸਮੀਕਰਨ ਹੈ। ਦੁਨੀਆਂ ਵਿਚ ਜਾਤੀ ਵਿਵਸਥਾ ਵਿਚ ਹੀ ਇਹੋ ਜਿਹੀ ਸੰਸਥਾ ਹੈ, ਜਿਸਦੇ ਵਿਚ ਜਨਮ ਤੋਂ ਲੈ ਕੇ ਮੌਤ ਤੱਕ ਬਿਨਾਂ ਕਿਸੇ ਭੁਗਤਾਨ ਦੇ ਫਾਇਦਾ ਲਿਆ ਜਾ ਸਕਦਾ ਹੈ। ਸਰਕਾਰ ਹੀ ਜਾਤੀ ਵਿਵਸਥਾ ਦੇ ਫਾਇਦੇ ਦਾ ਬਦਲ ਬਣ ਸਕਦੀ ਹੈ, ਪਰ ਇਹ ਲਗਾਤਾਰ ਇਸ ਜ਼ਿੰਮੇਵਾਰੀ ਤੋਂ ਕਤਰਾਉਂਦੀ ਰਹੀ ਹੈ। ਇਸ ਵਿਵਸਥਾ ਨੂੰ ਤੋੜ ਕੇ ਦੂਸਰੇ ਨੂੰ ਤਦ ਹੀ ਬਣਾਇਆ ਜਾ ਸਕਦਾ ਹੈ, ਜਦ ਅਸੀਂ ਦ੍ਰਿੜ੍ਹਤਾ ਭਰਿਆ ਕਦਮ ਚੁੱਕੀਏ, ਜਿਹੋ ਜਿਹਾ ਕਿ ਚੀਨ ਵਿਚ ਹੋਇਆ ਸੀ। ਇਕ ਉਹ ਪ੍ਰਸਥਿਤੀ ਹੈ, ਜਿਸਦੇ ਵਿਚ ਸਮਾਧ ਦਾ ਨਵਨਿਰਮਾਣ ਹੋ ਸਕਦਾ ਹੈ, ਜੇਕਰ ਤਾਨਾਸ਼ਾਹੀ ਵਿਵਸਥਾ ਹੋਵੇ ਤਾਂ। ਜਨਤੰਤਰ ਵਿਚ ਰਹਿ ਕੇ ਵੀ ਕੀਤਾ ਜਾ ਸਕਦਾ ਹੈ, ਪਰ ਉਸ ਦੇ ਲਈ ਲੋਕਾਂ ਨੂੰ ਆਪਣੇ ਨਿੱਜੀ ਸਵਾਰਥ ਤੋਂ ਉਤਾਂਹ ਉੱਠਣਾ ਪਵੇਗਾ। ਇਸ ਜਾਹਿਲ ਸਮਾਜ ਵਿਚ ਭਾਰੀ ਤਬਦੀਲੀ ਲਿਆਉਣ ਵਿਚ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ ਅਤੇ ਇਹੋ ਜਿਹੇ ਵਿਚ ਨਿੱਜੀ ਲਾਭ ਨੂੰ ਤਿਲਾਂਜਲੀ ਦੇਣਾ ਹੀ ਪਵੇਗਾ। ਆਜ਼ਾਦੀ ਦੇ ਸਮੇਂ ਤੋਂ ਹੀ ਦੋ ਧਰੁਵੀ ਰਹੀ ਹੈ। ਇਕ, ਜਾਤੀ ਨੂੰ ਬਿਨਾਂ ਤੋੜੇ ਹੀ ਉਸ ਦੇ ਨਿਰਦੋਸ਼ਾਂ ਤੋਂ ਬਚਣ ਦਾ ਅਤੇ ਦੂਸਰਾ, ਇਸ ਨੂੰ ਖਤਮ ਕਰਕੇ। ਗਾਂਧੀ ਜੀ ਜਾਤੀ ਵਿਵਸਥਾ ਬਣਾਈ ਰੱਖਣ ਦੇ ਪੱਖ ਵਿਚ ਸਨ ਅਤੇ ਦੂਜੇ ਪਾਸੇ ਡਾ: ਅੰਬੇਦਕਰ ਇਸਨੂੰ ਖਤਮ ਕਰਨਾ ਚਾਹੁੰਦੇ ਸਨ। ਕਦੀ ਨਾ ਕਦੀ ਭਾਰਤ ਵਿਚ ਸਵੇਰਾ ਤਾਂ ਆਵੇਗਾ ਅਤੇ ਇਸ ਦਾ ਆਰੰਭ ਜਾਤੀ ਦੀ ਸਮਾਪਤੀ ਤੇ ਹੀ ਹੋਵੇਗਾ।

ਚੀਨ ਦੇ ਵਿਕਾਸ ਦੇ ਮਾਡਲ ਦੀ ਸਾਰੀ ਹੀ ਸਿਫਤ ਕਰਦੇ ਹਨ, ਪਰ ਪਿੱਠਭੂਮੀ ਨੂੰ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ। ਸਾਡੇ ਇੱਥੇ ਜੇਕਰ ਜਾਤੀ ਵਿਵਸਥਾ ਸਭ ਤੋਂ ਵੱਡਾ ਸਰਾਪ ਹੈ ਤਾਂ ਚੀਨ ਵਿਚ ਵੀ ਆਲਸਪੁਣੀ ਅਤੇ ਪੁਰਾਣੇ ਗਲੇ-ਸੜੇ ਰੀਤੀ ਰਿਵਾਜ ਉਸਨੂੰ ਪਿੱਛੇ ਧੱਕਣ ਦਾ ਕੰਮ ਕਰਦੇ ਹਨ। ਇਸ ਗੱਲ ਦਾ ਉਥੋਂ ਦੀ ਸਰਕਾਰ ਨੂੰ ਅਹਿਸਾਸ ਹੋਇਆ ਅਤੇ ਸੰਸਕ੍ਰਿਤਕ ਕ੍ਰਾਂਤੀ, ਜੋ ਕਲਚਰ ਰੈਵੋਲਿਊਸ਼ਨ ਦੇ ਨਾਂ ਨਾਲ ਮਸ਼ਹੂਰ ਹੈ, ਨੂੰ ਖੁਦ ਕੀਤਾ ਨਾ ਕਿ ਸਮਾਜ ਦੇ ਉਪਰ ਛੱਡਿਆ। ਸਾਡੀ ਸਰਕਾਰ ਜਾਤੀ ਵਿਵਸਥਾ ਵਿਚ ਤਬਦੀਲੀ ਲਿਆਉਣ ਦੇ ਲਈ ਕੋਈ ਵੀ ਵੱਡਾ ਕਦਮ ਨਹੀਂ ਚੁੱਕਿਆ ਅਤੇ ਨਤੀਜਾ ਇਹ ਰਿਹਾ ਕਿ ਇਹ ਜਿਉਂ ਦੀ ਤਿਉਂ ਰਹੀ ਅਤੇ ਕੁਝ ਮਾਮਲੇ ਵਿਚ ਵਧੀ ਵੀ। ਸ਼ਾਸਨ ਪ੍ਰਸ਼ਾਸਨ ਦਾ ਆਖਿਰ ਵਿਚ ਕੀ ਫਰਕ ਹੈ? ਇਹੋ ਜਿਹੀ ਗੰਭੀਰ ਸਮੱਸਿਆ ਤੇ ਅੱਖਾਂ ਮੀਚ ਲਏ ਤਾਂ ਇਸ ਤੋਂ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਉਸ ਨੇ ਕੀ ਜ਼ਿੰਮੇਵਾਰੀ ਨਿਭਾਈ?

ਅਸਲ ਵਿਚ ਦੁਨੀਆਂ ਵਿਚ ਸਭ ਨਾਲੋਂ ਵੱਧ ਭੇਦਭਾਵ ਦੀ ਭਾਵਨਾ ਰੱਖਣ ਵਾਲੇ ਜੇਕਰ ਕੋਈ ਹੋਰ ਹਨ ਤਾਂ ਅਸੀਂ ਹੀ ਲੋਕ ਹਾਂ। ਆਓ ਇਕ ਉਦਾਹਰਣ ਤੋਂ ਜਾਣ-ਇਏ ਕਿ ਕੀ ਦੁਨੀਆਂ ਵਿਚ ਹੋਰ ਸਮਾਜ ਭੇਦ ਭਾਵ ਕਰਨ ਵਾਲਾ ਹੈ? ਕਾਨੂੰਨ ਦੀ ਪੜ੍ਹਾਈ ਕਰਨ ਵਾਲਾ ਨਾਈ-ਜੀਰੀਆ ਦਾ ਇਕ ਵਿਦਿਆਰਥੀ ਓਕੋਰੋਕੋ ਹਾਈਜਿਨਸ ਓਚੇਨਾ, ਨੇ ਕਿਹਾ ਕਿ ਜਦ ਉਹ ਦਿੱਲੀ ਵਿਚ ਘੁੰਮਦੇ ਹਨ ਤਾਂ ਲੋਕ ਕਾਨਾਫੂਸੀ ਕਰਦੇ ਹਨ ਕਿ ਕਾਲਾ ਜਾ ਰਿਹਾ ਹੈ। ਕਦੀ-ਕਦੀ ਤਾਂ ਲੋਕ ਇਹਨਾਂ ਤੇ ਜ਼ੋਰ-ਜ਼ੋਰ ਨਾਲ ਠਹਾਕਾ ਮਾਰ ਕੇ ਹੱਸਦੇ ਹਨ। ਓਚੇਨਾ ਦਾ ਕਹਿਣਾ ਹੈ ਕਿ ਇਸ ਵਰਤਾਰੇ ਨਾਲ ਸਿੱਜਣ ਲਈ ਆਪਣੇ ਕੰਨਾਂ ਵਿਚ ਹੈਡਫੋਨ ਲਗਾ ਲੈਂਦੇ ਹਨ ਤਾਂ ਕਿ ਇਸ ਬੁਰੇ ਅਨੁਭਵ ਤੋਂ ਬਚਿਆ ਜਾ ਸਕੇ। ਇਸੇ ਤਰ੍ਹਾਂ ਇਕ ਹੋਰ ਰਵਾਂਡਾ ਨਿਵਾਸੀ ਕਾਲੇ ਆਦਮੀ ਦਾ ਅਨੁਭਵ ਕੁਝ ਇਹੋ ਜਿਹਾ ਹੀ ਹੈ ਕਿ ਜਦ ਉਹ ਆਪਣੇ ਨੇਪਾਲੀ ਦੋਸਤ ਦੇ ਨਾਲ ਕਿਰਾਏ ਦਾ ਮਕਾਨ ਲੈਣ ਗਏ ਤਾਂ ਮਾਲਿਕ ਨੇ ਕਿਹਾ ਕਿ ਨੇਪਾਲੀ ਨੂੰ ਦੇ ਸਕਦੇ ਹਾਂ ਪਰ ਕਾਲੇ ਆਦਮੀ ਨੂੰ ਨਹੀਂ। ਤਮਾਮ ਕਾਲਿਆਂ ਲੋਕਾਂ ਨੂੰ ਪਾਰਟੀਆਂ ਵਿਚ ਦਾਅਵਤ ਨਹੀਂ ਦਿੱਤੀ ਜਾਂਦੀ। ਇਹਨਾਂ ਨੇ ਤਾਂ ਲੋਕਾਂ ਦੀ ਦਾਅਵਤ ਕਬੂਲਣੀ ਵੀ ਬੰਦ ਕਰ ਦਿੱਤੀ। ਕਾਲੇ ਲੋਕ ਘੱਟੋ-ਘੱਟ ਆਪਣਿਆਂ ਵਿਚ ਭੇਦਭਾਵ ਨਹੀਂ ਕਰਦੇ ਹਨ, ਪਰ ਅਸੀਂ ਤਾਂ ਆਪਣਿਆਂ ਵਿਚ ਵੀ ਭੇਦਭਾਵ ਕਰਦੇ ਹਾਂ। ਜਾਤੀ ਭੇਦਭਾਵ ਤਾਂ ਵੱਡਾ ਮੁੱਦਾ ਹੈ ਹੀ, ਪਰ ਰੰਗਭੇਦ ਵੀ ਗੰਭੀਰ ਸਮੱਸਿਆ ਹੈ।

ਲੜਕੀ ਸਾਂਵਲੀ ਹੋਵੇ ਤਾਂ ਉਸ ਦੀ ਸ਼ਾਦੀ ਵਿਚ ਬੜੀ ਮੁਸ਼ਕਿਲ ਹੋ ਜਾਂਦੀ ਹੈ ਅਤੇ ਵੱਧ ਦਾਜ ਦੇ ਕੇ ਇਸ ਸਮੱਸਿਆ ਨਾਲ ਲੋਕ ਨਿੱਬੜ ਰਹੇ ਹਨ। ਸਰਕਾਰ ਕਿਵੇਂ ਕਹਿ ਸਕਦੀ ਹੈ ਕਿ ਇਹ ਲੋਕਾਂ ਦਾ ਨਿੱਜੀ ਮਾਮਲਾ ਹੈ, ਜਦਕਿ ਚੀਨ ਨੇ ਇਹੋ ਜਿਹਾ ਨਹੀਂ ਕੀਤਾ। ਵਿਆਹ ਵਾਲੇ ਕਾਲਮ ਵਿਚ ਗੋਰੀ ਲੜਕੀ ਦੀ ਮੰਗ ਲੱਗਭੱਗ ਸਾਰੇ ਕਰਦੇ ਹਨ। ਕੀ ਸਰਕਾਰ ਨੇ ਇਸ 'ਤੇ ਪਾਬੰਦੀ ਲਗਾਈ। ਅਸੀਂ ਐਨੇ ਭੇਦਭਾਵ ਕਰਨ ਵਾਲੇ ਹਾਂ ਕਿ ਆਖਿਰਕਾਰ ਆਪਣਿਆਂ ਨਾਲ ਹੀ ਘਿਰਣਾ ਕਰਨ ਲੱਗਦੇ ਹਾਂ। ਪਰ ਕਾਲੇ ਲੋਕ ਸਾਡੇ ਨਾਲੋਂ ਕਈ ਗੁਣਾਂ ਚੰਗੇ ਹਨ, ਜੋ ਇਹ ਕਹਿੰਦਿਆਂ ਨਹੀਂ ਥੱਕਦੇ ਕਿ ਜੋ ਚੀਜ਼ ਕਾਲੀ ਹੈ, ਉਹ ਸੁੰਦਰ ਹੈ। ਇਸ ਭੇਦਭਾਵ ਦਾ ਅਸਰ ਤਮਾਮ ਖੇਤਰਾਂ ਵਿਚ ਹੈ ਅਤੇ ਸਿੱਖਿਆ ਖੇਤਰ ਵਿਚ ਵੀ ਦੇਖਿਆ ਜਾ ਸਕਦਾ ਹੈ। ਗੋਰੇ ਰੰਗ ਦੀਆਂ ਲੜਕੀਆਂ ਦਾ ਵਿਆਹ ਜਲਦੀ ਹੋ ਜਾਂਦਾ ਹੈ ਅਤੇ ਦਾਜ ਵੀ ਘੱਟ ਦੇਣਾ ਪੈਂਦਾ ਹੈ ਅਤੇ ਇਸ ਲਈ ਇਹ ਉੱਚ ਸਿੱਖਿਆ ਅਤੇ ਨੌਕਰੀਆਂ ਵਿਚ ਘੱਟ ਪਹੁੰਚੀਆਂ ਹਨ।

ਆਜ਼ਾਦੀ ਦੇ ਐਨੇ ਦਿਨ ਬੀਤ ਗਏ, ਅਸੀਂ ਦੁਨੀਆਂ ਦਾ ਸਭ ਤੋਂ ਵੱਡਾ ਕਲੰਕ ਅਜੇ ਵੀ ਮੱਥੇ 'ਤੇ ਢੋਅ ਰਹੇ ਹਾਂ। ਕਿਹੜਾ ਇਹੋ ਜਿਹਾ ਸਮਾਜ ਹੈ, ਜਿੱਥੇ ਇਨਸਾਨ ਦੂਜਿਆਂ ਦਾ ਮਲ ਮੂਤਰ ਆਪਣੇ ਸਿਰ ਤੇ ਢੋਅ ਰਿਹਾ ਹੈ? ਇਹ ਲੋਕ ਕੀ ਆਪਣੇ ਆਪ ਨੂੰ ਆਜ਼ਾਦ ਕਹਾਉਣ ਵਾਲੇ ਹਨ? ਭਾਵੇਂ ਇਹ ਕਾਨੂੰਨਨ ਅਪਰਾਧ ਹੈ ਪਰ ਲੱਖਾਂ ਲੋਕ ਅਜੇ ਵੀ ਇਸ ਕੰਮ ਨੂੰ ਕਰ ਹੀ ਰਹੇ ਹਨ। ਦੂਰ-ਦੂਰ ਤੱਕ ਉਮੀਦ ਦੀ ਕੋਈ ਕਿਰਨ ਨਹੀਂ ਦਿੱਸਦੀ ਹੈ ਕਿ ਜਾਤੀ ਅਤੇ ਰੰਗ ਦੇ ਆਧਾਰ 'ਤੇ ਭੇਦਭਾਵ ਖਤਮ ਹੋ ਸਕੇਗਾ।

# ਅੰਨਾ ਦਾ ਸੁਪਨਾ ਪੂਰਾ, ਲੋਕਪਾਲ ਬਿੱਲ ਲੋਕ ਸਭਾ 'ਚ ਪਾਸ

ਨਵੀਂ ਦਿੱਲੀ- ਭ੍ਰਿਸ਼ਟਾਚਾਰ ਦੇ ਖਿਲਾਫ ਲੋਕਪਾਲ ਬਿੱਲ ਬੁੱਧਵਾਰ ਨੂੰ ਲੋਕ ਸਭਾ 'ਚ 'ਚ ਵੀ ਪਾਸ ਹੋ ਗਿਆ ਹੈ। ਸੜਕ ਤੋਂ ਸੰਸਦ ਤੱਕ ਚਲੀ ਲੰਬੀ ਬਹਿਸ ਤੋਂ ਬਾਅਦ ਆਖਰਕਾਰ ਲੋਕਪਾਲ ਬਿੱਲ ਪਾਸ ਹੋ ਗਿਆ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਰਾਜ ਸਭਾ ਤੋਂ ਲੋਕਪਾਲ ਬਿੱਲ ਪਾਸ ਹੋਣ 'ਤੇ ਇਸ ਅੰਦੋਲਨ ਦੀ ਅਗਵਾਈ ਕਰਦੇ ਰਹੇ ਅੰਨਾ ਹਜ਼ਾਰੇ ਨੇ ਸੰਸਦ ਮੈਂਬਰਾਂ ਅਤੇ ਸਰਕਾਰ ਦਾ ਸ਼ੁਕਰੀਆ ਅਦਾ ਕੀਤਾ ਤਾਂ ਉੱਥੇ ਹੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਸ ਨੂੰ ਇਕ ਇਤਿਹਾਸਕ ਕਦਮ ਕਰਾਰ ਦਿੱਤਾ। ਬਿੱਲ ਪਾਸ ਹੋਣ ਦੀ ਖਬਰ ਨਾਲ ਰਾਲੇਗਣ ਸਿੱਧੀ 'ਚ ਜਸ਼ਨ ਮਨਾਉਣ ਲੱਗਾ ਜਿੱਥੇ ਅੰਨਾ ਹਜ਼ਾਰੇ ਭੁੱਖ-ਹੜਤਾਲ 'ਤੇ ਬੈਠੇ ਹਨ। ਇਹ ਖਬਰ ਸੁਣਦੇ ਹੀ ਅੰਨਾ ਦੀ ਖੁਸ਼ੀ ਦਾ ਠਿਕਾਣਾ ਨਹੀਂ ਰਿਹਾ। ਹਾਲਾਂਕਿ ਸਰਕਾਰ ਲਈ ਬਿੱਲ ਪਾਸ ਕਰਵਾਉਣ ਦੀ ਇਹ ਕਵਾਇਦ ਸੌਖੀ ਨਹੀਂ ਰਹੀ ਕਿਉਂਕਿ ਸਮਾਜਵਾਦੀ ਪਾਰਟੀ ਬਿੱਲ ਦਾ ਪੁਰਜ਼ੋਰ ਵਿਰੋਧ ਕਰ ਰਹੀ ਸੀ। ਮੰਗਲਵਾਰ ਨੂੰ ਸੰਸਦ ਸ਼ੁਰੂ ਹੋਣ ਤੋਂ ਪਹਿਲਾਂ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਕੇਂਦਰੀ ਮੰਤਰੀ ਕਮਲਨਾਥ ਅਤੇ ਨਾਰਾਇਣਸਾਮੀ ਨੂੰ ਆਪਣੇ ਘਰ ਤਲੱਬ ਕਰ ਕੇ ਸਰਕਾਰ ਦੀ ਰਣਨੀਤੀ ਦੀ ਜਾਣਕਾਰੀ ਲਈ। ਇਸ ਤੋਂ ਬਾਅਦ ਮੁਲਾਇਮ ਸਿੰਘ ਅਤੇ ਰਾਮ-ਗੋਪਾਲ ਯਾਦਵ ਦੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਹੋਈ। ਇਸ ਮੁਲਾਕਾਤ 'ਚ ਸਮਾਜਵਾਦੀ ਪਾਰਟੀ ਨੂੰ ਵਿਰੋਧ ਜ਼ਾਹਰ ਕਰਨ ਲਈ ਹੰਗਾਮਾ ਕਰਨ ਦੀ ਜਗ੍ਹਾ ਸਦਨ ਤੋਂ ਵਾਕਆਊਟ ਕਰਨ 'ਤੇ ਮਨਾ ਲਿਆ ਗਿਆ ਅਤੇ ਲੋਕਪਾਲ ਬਿੱਲ ਸ਼ਾਂਤੀ ਨਾਲ ਪਾਸ ਹੋਣ ਦਾ ਰਸਤਾ ਸਾਫ ਹੋ ਗਿਆ। ਹਾਲਾਂਕਿ ਲੈਫਟ ਸਮੇਤ ਕੁਝ ਪਾਰਟੀਆਂ ਨੇ ਬਿੱਲ ਦੇ ਕੁਝ ਸੋਧਾਂ 'ਤੇ ਵੋਟ ਵੰਡ ਵੀ ਕਰਵਾਈ ਪਰ ਭਾਜਪਾ ਦੀ ਰਜਾਮੰਦੀ ਕਾਰਨ ਵੋਟਿੰਗ ਵੀ ਬਿੱਲ ਦੇ ਪੱਖ 'ਚ ਹੀ ਰਹੀ। ਅੰਨਾ ਅੰਦੋਲਨ ਨਾਲ ਦਬਾਅ 'ਚ ਆਈ ਸਰਕਾਰ ਨੇ ਦਸੰਬਰ 2011 'ਚ ਸਦਨ ਦੇ ਵੋਟ ਦੇ ਤੌਰ 'ਤੇ ਜਿਸ ਪ੍ਰਸਤਾਵ ਨੂੰ ਪਾਸ ਕੀਤਾ ਸੀ, ਉਹ ਇਸ ਸਰਕਾਰੀ ਲੋਕਪਾਲ ਤੋਂ ਗਾਇਬ ਹੈ। ਸਦਨ ਦਾ ਵੋਟ ਸੀ ਹੇਠਲੀ ਨੌਕਰਸ਼ਾਹੀ ਨੂੰ ਲੋਕਪਾਲ 'ਚ ਸ਼ਾਮਲ ਕਰਨ ਦਾ, ਲੋਕਪਾਲ ਦੇ ਅਧੀਨ ਸੂਬਿਆਂ 'ਚ ਲੋਕਾਯੁਕਤ ਦਾ ਗਠਨ ਕਰਨ ਦਾ ਅਤੇ ਸਿਟੀਜ਼ਨ ਚਾਰਟਰ ਮਤਲਬ ਨਾਗਰਿਕ ਜ਼ਾਬਤਾ ਨੂੰ ਲੋਕਪਾਲ ਦਾ ਹਿੱਸਾ ਬਣਾਉਣ ਨੂੰ ਲੈ ਕੇ ਸੀ ਪਰ ਮੌਜੂਦਾ ਬਿੱਲ 'ਚ ਨਾ ਤਾਂ ਸਿਟੀਜ਼ਨ ਚਾਰਟਰ ਸ਼ਾਮਲ ਹੈ ਅਤੇ ਲੋਕਾਯੁਕਤ ਨੂੰ ਲੋਕਪਾਲ ਤੋਂ ਵੱਖ ਕਰ ਕੇ ਸੂਬਿਆਂ ਨੂੰ ਉਸ ਦੇ ਗਠਨ ਲਈ ਇਕ ਸਾਲ ਸਮਾਂ ਦੇ ਦਿੱਤਾ ਗਿਆ ਹੈ। ਫਿਲਹਾਲ ਪਿਛਲੇ 44 ਸਾਲਾਂ ਤੋਂ ਸਰਕਾਰੀ ਫਾਈਲਾਂ ਦੀ ਧੂੜ ਸੁੱਟ ਰਹੇ ਲੋਕਪਾਲ ਕਾਨੂੰਨ ਦਾ ਰਸਤਾ ਸਾਫ ਹੋ ਗਿਆ ਹੈ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰਾਹੁਲ ਬੁੱਧ ਵਿਹਾਰ ਪ੍ਰਬੰਧਕ ਕਮੇਟੀ ਸੋਫੀ ਪਿੰਡ ਵਲੋਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀਨਿਰਵਾਨ ਦਿਵਸ ਮਨਾਇਆ







ਜਲੰਧਰ- ਬੀਤੇ ਦਿਨੀ 06 ਦਸੰਬਰ 2013 ਨੂੰ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਜੀ ਦੇ ਪ੍ਰੀਨਿਰਵਾਨ ਦਿਵਸ ਦੇ ਸੰਬਧ ਵਿੱਚ ਸ.ਸ.ਸ.ਸ ਸੋਫੀ ਪਿੰਡ, ਜਲੰਧਰ ਵਿਖੇ ਰਾਹੁਲ ਬੁੱਧ ਵਿਹਾਰ ਸੋਫੀ ਪਿੰਡ, ਜਲੰਧਰ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼ਰਧਾਂਜਲੀ ਸਮਾਗਮ ਦਾ ਅਯੋਜਨ ਕੀਤਾ ਗਿਆ।

ਇਸ ਸਮਾਗਮ ਵਿੱਚ ਸ਼੍ਰੀ ਰਤਨ ਲਾਲ ਜੀ ਸਾਂਪਲਾ ਭੀਮ ਰਤਨ ਅਵਾਰਡੀ ਅਤੇ ਰਾਹੁਲ ਬੁੱਧ ਵਿਹਾਰ ਦੇ ਸੰਸਥਾਪਕ ਚੇਅਰਮੈਨ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਭੰਤੇ ਸਤਿਆ ਸ਼ੀਲ ਜੀ, ਇੰਚਾਰਜ ਰਾਹੁਲ ਬੁੱਧ ਵਿਹਾਰ, ਸੋਫੀ ਪਿੰਡ ਨੇ ਤ੍ਰੀਸ਼ਣ ਪੰਚਸ਼ੀਲ ਨਾਲ ਕੀਤੀ।ਸਕੂਲ ਦੇ ਵਿਦਿਆਰਥੀਆਂ ਲਖਵੀਰ ਕੁਮਾਰ, ਕੁਮਾਰੀ ਮਾਨਸੀ ਅਤੇ ਕੁਮਾਰੀ ਰੂਬੀ ਨੇ ਬਾਬਾ ਸਾਹਿਬ ਜੀ ਦੇ ਜੀਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਰਾਹੁਲ ਬੁੱਧ ਵਿਹਾਰ, ਸੋਫੀ ਪਿੰਡ ਦੇ ਪ੍ਰਧਾਨ ਧਰਮਪਾਲ ਲੀਲ, ਸ਼੍ਰੀ ਤਰਲੋਕ ਰਾਜ ਸਾਂਪਲਾ, ਸ਼੍ਰੀ ਅਮਰਜੀਤ ਸਾਂਪਲਾ, ਪਬਲੀਸਿਟੀ ਸੈਕਟਰੀ, ਪ੍ਰੋਫੈਸਰ ਡਾ. ਓਮ ਪ੍ਰਕਾਸ਼ ਸਾਂਪਲਾ ਆਈ.ਆਈ.ਟੀ ਕਾਨਪੁਰ ਅਤੇ ਸ਼੍ਰੀ ਸੁਰੇਸ਼ ਕੁਮਾਰ ਲੈਕ. ਪੋਲ ਸਾਇੰਸ ਨੇ ਵੀ ਵਿਦਿਆਰਥੀਆ ਨੂੰ ਸੰਬੋਧਨ ਕੀਤਾ।

ਇਸ ਮੋਕੇ ਸ਼੍ਰੀ ਰਤਨ ਲਾਲ ਸਾਂਪਲਾ ਵਲੋਂ ਸਕੂਲ ਨੂੰ 25000 ਰੁ. ਦੀ ਸਹਾਇਤਾ ਰਾਸ਼ੀ ਦਾਨ ਵਜੋਂ ਦਿਤੀ ਅਤੇ ਅਪਾਹਿਜ ਬੱਚੀ ਰਾਧਿਕਾ ਦਾ ਪੂਰਾ ਪੜ੍ਹਾਈ ਦਾ ਖਰਚਾ ਕਰਨ ਦਾ ਐਲਾਨ ਕੀਤਾ। ਜਿਨ੍ਹਾਂ ਵਿਦਿਆਰਥੀਆ ਨੇ ਸਮਾਗਮ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਉਹਨਾਂ ਨੂੰ ਵੀ ਸਨਮਾਨਤ ਕੀਤਾ ਗਿਆ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਮਿਹਨਤ, ਇਮਾਨਦਾਰੀ ਅਤੇ ਬਾਬਾ ਸਾਹਿਬ ਦੇ ਦਿਖਾਏ ਹੋਏ ਰਸਤੇ ਤੇ ਚਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਅਕਤੂਬਰ 1951 ਵਿੱਚ ਬਾਬਾ ਸਾਹਿਬ ਦੀ ਜਲੰਧਰ ਫੇਰੀ ਦੋਰਾਨ ਉਨ੍ਹਾ ਨਾਲ ਬਿਤਾਏ ਪਲਾਂ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਸ਼੍ਰੀਮਤੀ ਕੰਵਲਜੀਤ ਕੋਰ (ਪੀ.ਈ.ਐਸ) ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਮੁੱਖ ਮਹਿਮਾਨ ਅਤੇ ਹੋਰ ਆਏ ਹੋਏ ਪਤਵੰਤੇ ਸਜਣਾਂ ਦਾ ਧੰਨਵਾਦ ਕੀਤਾ।

ਸਕੂਲ ਸਟਾਫ ਅਤੇ ਰਾਹੁਲ ਬੁੱਧ ਵਿਹਾਰ ਕਮੇਟੀ ਵਲੋਂ ਸ਼੍ਰੀ ਰਤਨ ਲਾਲ ਜੀ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਦਾ ਸੰਚਾਲਨ ਸ਼੍ਰੀ ਸਤਿਕਾਰ ਸਿੰਘ ਜੀ ਲੈਕ. ਅੰਗਰੇਜੀ ਵਲੋਂ ਕੀਤਾ ਗਿਆ। ਇਸ ਸਮਾਗਮ ਵਿੱਚ ਉਚੇਚੇ ਤੋਰ ਤੇ ਸ਼੍ਰੀ ਗੁਰਮੇਜ ਲਾਲ ਸਾਬਕਾ ਬਲੋਕ ਸੰਮਤੀ ਮੈਂਬਰ, ਸ਼੍ਰੀ ਸਿੰਗਾਰਾ ਰਾਮ ਜੀ ਸਾਬਕਾ ਸਰਪੰਚ, ਸ਼੍ਰੀ ਸੁਰਿੰਦਰ ਕੁਮਾਰ ਪੰਚ, ਸ਼੍ਰੀ ਸੋਢੀ ਰਾਮ ਪੰਚ, ਸ਼੍ਰੀ ਜਤਿੰਦਰ ਕੁਮਾਰ, ਸ਼੍ਰੀ ਰੋਸ਼ਨ ਲਾਲ ਖਜਾਨਚੀ, ਸ਼੍ਰੀ ਅਰੁਣ ਸ਼ਾਂਪਲਾ ਸੱਕਤਰ, ਸ਼੍ਰੀ ਅਜੀਤ ਕੁਮਾਰ ਬਿਲਡਿੰਗ ਇੰਚਾਰਜ,ਸ਼੍ਰੀ ਬਨਾਰਸੀ ਦਾਸ, ਸ਼੍ਰੀ ਤੁਲਸੀ ਦਾਸ, ਸ਼੍ਰੀ ਰੇਸ਼ਮ ਲਾਲ ਬੰਗੜ ਜੀ ਮੀਤ ਪ੍ਰਧਾਨ, ਸ਼੍ਰੀ ਰਤਨ ਲਾਲ ਬੰਗੜ ਸਟੇਜ ਸੈਕਟਰੀ,ਰਾਹੁਲ ਬੁੱਧ ਵਿਹਾਰ ਸੋਫੀ ਪਿੰਡ ਸ਼ਾਮਿਲ ਹੋਏ।ਸ਼੍ਰੀ ਅਮਿਤ ਸਾਂਪਲਾ ਸੱਕਤਰ ਬੀ.ਜੇ.ਪੀ ਯੁਵਾ ਮੋਰਚਾ ਪੰਜਾਬ ਨੇ ਵੀ ਆਪਣੇ ਵਡਮੁਲੇ ਵਿਚਾਰ ਰੱਖੇ।

# ਭਾਜਪਾ 'ਚ ਸ਼ਾਮਲ ਹੋਈ ਪੰਜਾਬੀ ਗਾਇਕਾ ਮਿਸ ਪੂਜਾ, ਨਹੀਂ ਲੜੇਗੀ ਲੋਕ ਸਭਾ ਚੋਣਾਂ

ਜਲੰਧਰ- ਪੰਜਾਬ ਦੀ ਮਸ਼ਹੂਰ ਪੰਜਾਬੀ ਗਾਇਕਾ ਮਿਸ ਪੂਜਾ (ਗੁਰਿੰਦਰ ਕੌਰ ਕੈਂਥ) ਭਾਰਤੀ ਜਨਤਾ ਪਾਰਟੀ (ਭਾਜਪਾ) 'ਚ ਸ਼ਾਮਲ ਹੋ ਗਈ ਹੈ ਅਤੇ ਸੂਤਰਾਂ ਮੁਤਾਬਕ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਉਹ ਹੁਸ਼ਿਆਰਪੁਰ ਰਿਜ਼ਰਵ ਸੀਟ ਤੋਂ ਚੋਣ ਲੜ ਸਕਦੀ ਹੈ। ਭਾਜਪਾ ਪ੍ਰਧਾਨ ਕਮਲ ਸ਼ਰਮਾ ਨੇ ਕਿਹਾ ਕਿ ਮਿਸ ਪੂਜਾ ਵਲੋਂ ਭਾਜਪਾ 'ਚ ਸ਼ਾਮਲ ਹੋਣ ਦਾ ਫੈਸਲਾ ਅਚਾਨਕ ਲਿਆ ਗਿਆ ਫੈਸਲਾ ਹੈ ਅਤੇ ਇਸ ਸੰਬੰਧੀ ਪਹਿਲਾਂ ਤੋਂ ਕੁਝ ਤੈਅ ਨਹੀਂ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਭਾਜਪਾ ਨੇ ਪੰਜਾਬ 'ਚੋਂ ਕਈ ਸੈਲੀਬ੍ਰਿਟੀਆਂ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ, ਜਿਨ੍ਹਾਂ 'ਚੋਂ ਗਾਇਕ ਹੰਸ ਰਾਜ ਹੰਸ, ਭਗਵੰਤ ਮਾਨ, ਕੁਲਦੀਪ ਮਾਣਕ, ਮੁਹੰਮਦ ਸਦੀਕ ਅਤੇ ਹੋਰ ਵੀ ਕਈ ਸ਼ਖਸੀਅਤਾਂ ਸ਼ਾਮਲ ਹਨ। ਮਿਸ ਪੂਜਾ ਨੇ ਆਪਣੇ ਕੈਰੀਅਰ ਦੌਰਾਨ ਬੁਲੰਦੀਆਂ ਨੂੰ ਛੂਹਿਆ ਹੈ। ਉਸ ਨੇ ਬਹੁਤ ਸਾਰੇ ਦੋਗਾਣੇ ਗਾਏ ਹਨ। ਉਸ ਨੇ ਵਿਆਹ ਤੋਂ ਬਾਅਦ ਵੀ ਆਪਣੇ ਨਾ ਨਾਲੋਂ 'ਮਿਸ' ਸ਼ਬਦ ਨਹੀਂ ਹਟਾਇਆ ਕਿਉਂਕਿ ਹੁਣ ਇਹ ਸ਼ਬਦ ਉਸ ਦੀ



ਪਛਾਣ ਬਣ ਚੁੱਕਿਆ ਹੈ। ਉਸ ਨੇ ਬਹੁਤ ਸਾਰੇ ਪੰਜਾਬੀ ਗਾਣੇ ਗਾ ਕੇ ਗਾਇਕੀ ਦੇ ਖੇਤਰ 'ਚ ਇਕ ਵੱਖਰਾ ਮੁਕਾਮ ਹਾਸਲ ਕੀਤਾ ਹੈ ਅਤੇ ਉਹ ਆਪਣੀ ਕਿਸਮਤ ਚੋਣਾਂ 'ਚ ਅਜਮਾਉਣ ਜਾ ਰਹੀ ਹੈ। ਮਿਸ ਪੂਜਾ ਦੇ ਹੁਸ਼ਿਆਰਪੁਰ ਸੀਟ ਤੋਂ ਭਾਜਪਾ ਦੀ ਟਿਕਟ 'ਤੇ ਚੋਣ ਲੜਨ ਦੀ ਚਰਚਾ ਹੈ ਹਾਲਾਂਕਿ ਮਿਸ ਪੂਜਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਦੀ ਇਸ ਬਾਰੇ ਪਾਰਟੀ ਨਾਲ ਕੋਈ ਗੱਲ ਨਹੀਂ ਹੋਈ ਹੈ। ਇਸ ਤੋਂ ਪਹਿਲਾਂ ਪੰਜਾਬ ਭਾਜਪਾ ਆਪਣੇ ਹਿੱਸੇ ਦੀਆਂ ਅੰਮ੍ਰਿਤਸਰ ਅਤੇ ਗੁਰਦਾਸਪੁਰ ਸੀਟਾਂ 'ਤੇ ਵੀ ਪਾਰਟੀ ਦੇ ਕਾਰਜਕਰਤਾਵਾਂ ਦੀ ਥਾਂ 'ਤੇ ਨਵਜੋਤ ਸਿੰਘ ਸਿੱਧੂ ਅਤੇ ਵਿਨੋਦ ਖੰਨਾ ਵਰਗੇ ਖੇਡ ਅਤੇ ਮਨੋਰੰਜਨ ਜਗਤ ਨਾਲ ਸੰਬੰਧਤ ਸਿਤਾਰਿਆਂ ਨੂੰ ਮੈਦਾਨ ਵਿਚ ਉਤਾਰ ਚੁੱਕੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਹੁਸ਼ਿਆਰਪੁਰ ਤੋਂ ਉਮੀਦਵਾਰ ਸੋਮ ਪ੍ਰਕਾਸ਼ ਇਸ ਸੀਟ ਤੋਂ ਹਾਰ ਗਏ ਸੀ।






# ਕਹਾਣੀ ਸਮਝੌਤਾ



ਗੁਰਦੀਸ਼ ਕੌਰ ਗਰੇਵਾਲ
604-496-4967 (ਸਰੀ)

ਕੁਲਬੀਰ ਇਕ ਸਰਦੇ ਪੁੱਜਦੇ ਜੱਟ ਦਾ ਪੁੱਤਰ ਅਤੇ ਮਾਪਿਆਂ ਦੀ ਪਹਿਲੀ ਔਲਾਦ ਸੀ। ਬਾਪ ਪਿੰਡ ਦਾ ਤਕੜਾ ਜ਼ਿਮੀਦਾਰ ਅਤੇ ਪਿੰਡ ਦਾ ਸਰਪੰਚ। ਆਲੀਸ਼ਾਨ ਘਰ ਵਿੱਚ ਟ੍ਰੈਕਟਰ ਤੋਂ ਇਲਾਵਾ, ਮੋਟਰ ਸਾਈਕਲ ਤੇ ਜੀਪ ਵੀ ਖੜ੍ਹੇ ਸਨ। ਕੰਮ ਲਈ ਨੌਕਰ ਚਾਕਰ, ਖਾਣ ਪੀਣ ਲਈ ਖੁਲ੍ਹਾ ਦੁੱਧ ਘਿਉ, ਖਰਚਣ ਲਈ ਖੁਲ੍ਹਾ ਖਰਚ, ਗੱਲ ਕੀ- ਕਿਸੇ ਚੀਜ਼ ਦੀ ਕਮੀ ਨਹੀਂ ਸੀ ਘਰ ਵਿੱਚ। ਜਿਉਂ ਹੀ ਉਸ ਨੇ ਬੀ. ਏ. ਪਾਸ ਕੀਤੀ, ਉਸ ਤੇ ਕਨੇਡਾ ਦਾ ਭੂਤ ਸਵਾਰ ਹੋ ਗਿਆ। ਜਿਸ ਦਾ ਕਾਰਨ ਉਸ ਦੇ ਬਾਹਰ ਗਏ ਕੁੱਝ ਦੋਸਤ ਸਨ, ਜੋ ਝੂਠੀਆਂ ਸੱਚੀਆਂ ਦੱਸ ਕੇ ਉਸ ਨੂੰ ਉਕਸਾਉਂਦੇ ਰਹਿੰਦੇ। ਸੋ ਉਸ ਨੇ ਕਨੇਡਾ ਜਾਣ ਦੀ ਰਟ ਲਾ ਲਈ।ਦੋਹਾਂ ਮੁੰਡਿਆਂ ਵਿੱਚੋਂ ਵੱਡਾ ਹੋਣ ਕਾਰਨ ਪਿਉ ਨੂੰ ਉਸ ਦਾ ਕਾਫੀ ਸਹਾਰਾ ਹੋ ਗਿਆ ਸੀ। ਸ਼ਹਿਰ ਦੇ ਸਾਰੇ ਕੰਮ ਕੁਲਬੀਰ ਕਰ ਆਉਂਦਾ। ਉਸ ਦੀ ਜ਼ਿਦ ਕਾਰਨ ਬਾਪ ਨੇ ਕਿਸੇ ਏਜੰਟ ਨਾਲ ਗੱਲ ਕੀਤੀ, ਜੋ ਲੈ ਦੇ ਕੇ ਸਿਰੇ ਚੜ੍ਹ ਗਈ।

ਹਵਾ ਵਿੱਚ ਤਾਰੀਆਂ ਲਾਉਂਦਾ ਕੁਲਬੀਰ, ਪਰੀਆਂ ਦੇ ਦੇਸ਼ ਪਹੁੰਚ ਗਿਆ। ਕਨੇਡਾ ਦੀ ਸਫਾਈ ਤੇ ਸੁੰਦਰਤਾ ਦੇਖ ਕੇ ਇਕ ਵਾਰ ਤਾਂ ਉਹ ਚਕਾਚੌਂਧ ਹੋ ਗਿਆ। ਦੋ ਚਾਰ ਦਿਨ ਦੋਸਤਾਂ ਨੇ ਆਉ-ਭਗਤ ਕੀਤੀ ਪਰ ਆਉਂਦੇ ਹੀ ਵੀਕਐਂਡ, ਇਕ ਬੇਸਮੈਂਟ ਕਿਰਾਏ ਤੇ ਲੈ ਦਿੱਤੀ। ਜਿੰਨੇ ਕੁ ਪੈਸੇ ਘਰੋਂ ਲਿਆਇਆ ਸੀ, ਉਸ ਨਾਲ ਰੋਟੀ ਟੁੱਕ ਦਾ ਸਮਾਨ ਖਰੀਦਿਆ ਤੇ ਲੱਗਾ ਹੱਥ ਸਾੜਨ। ਕੰਮ ਦੀ ਭਾਲ ਦਾ ਫਿਕਰ ਵੀ ਉਸ ਨੂੰ ਵੱਢ ਵੱਢ ਖਾਣ ਲੱਗਾ। ਇੰਡੀਆ ਦੀ ਬੀ. ਏ ਨੂੰ ਭਲਾ ਕਨੇਡਾ ਵਿੱਚ ਕੌਣ ਪੁੱਛਦਾ ਸੀ? ਏਥੇ ਤਾਂ ਲੇਬਰ ਦੀ ਕਦਰ ਸੀ ਤੇ ਉਸ ਲਾਡਲੇ ਪੁੱਤਰ ਨੇ ਤਾਂ ਕਦੇ ਪਾਣੀ ਦਾ ਗਲਾਸ ਵੀ ਆਪ ਭਰ ਕੇ ਨਹੀਂ ਸੀ ਪੀਤਾ। ਪਰ ਉਸ ਨੂੰ ਏਥੇ ਤਾਂ ਲੇਬਰ ਹੀ ਕਰਨੀ ਪੈਣੀ ਸੀ। ਇਕ ਵਾਰ ਤਾਂ ਉਸ ਦਾ ਦਿੱਲ ਕੀਤਾ ਕਿ ਵਾਪਿਸ ਮੁੜ ਜਾਵੇ- ਸਰਦਾਰੀ ਕਰਦਾ ਕਰਦਾ ਉਹ ਕਿੱਥੇ ਆ ਫਸਿਆ?

"ਨਹੀਂ- ਨਹੀਂ, ਵਾਪਿਸ ਜਾ ਕੇ ਬੜੀ ਨਮੋਸ਼ੀ ਹੋਏਗੀ" ਉਹ ਆਪਣੇ ਆਪ ਨਾਲ ਗੱਲਾਂ ਕਰਨ ਲੱਗਾ।

"ਏਥੇ ਮੈਥੋਂ ਕਿਤੇ ਵੱਧ ਪੜ੍ਹੇ ਲਿਖੇ ਮੁੰਡੇ ਕੁੜੀਆਂ ਵੀ ਤਾਂ ਲੇਬਰ ਹੀ ਕਰ ਰਹੇ ਹਨ- ਸੋ ਜਿਵੇਂ ਕਿਵੇਂ ਵੀ ਹੋਵੇ, ਸੈੱਟ ਤਾਂ ਹੁਣ ਏਥੇ ਹੀ ਹੋਣਾ ਹੈ। ਕਿਸੇ ਨੂੰ ਕੀ ਪਤਾ ਕਿ ਮੈਂ ਇਥੇ ਕੀ ਕਰਦਾਂ ਹਾਂ- ਸੋ ਮੈਂ ਵਾਪਿਸ ਜਾ ਕੇ ਦੋਸਤਾਂ ਰਿਸ਼ਤੇਦਾਰਾਂ ਵਿੱਚ ਮਜ਼ਾਕ ਦਾ ਪਾਤਰ ਨਹੀਂ ਬਨਣਾ ਚਾਹੁੰਦਾ" ਉਸ ਆਪਣੇ ਆਪ ਨਾਲ ਪਹਿਲਾ ਸਮਝੌਤਾ ਕੀਤਾ। ਹੁਣ ਉਸ ਨੇ ਇਕ ਫੈਕਟਰੀ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਛੇ ਕੁ ਮਹੀਨੇ ਵਿੱਚ ਉਸ ਨੂੰ ਕਾਫੀ ਵਾਕਫੀਅਤ ਹੋ ਗਈ। ਉਸ ਦੇਖਿਆ ਕਿ ਕਈ ਡਾਕਟਰ ਇੰਜਨੀਅਰ ਮੁੰਡੇ ਟੈਕਸੀ ਚਲਾ ਕੇ, ਉਸ ਤੋਂ ਕਿਤੇ ਵੱਧ ਕਮਾ ਰਹੇ ਹਨ - ਕਿਉਂਕਿ ਉਸ ਨੂੰ ਤਾਂ ਤਨਖਾਹ ਦਾ ਚੈੱਕ ਟੈਕਸ ਕੱਟ ਕੇ ਮਿਲਦਾ ਸੀ ਪਰ ਟੈਕਸੀ ਵਾਲਿਆਂ ਦੀ ਆਮਦਨ ਕੈਸ਼ ਹੁੰਦੀ ਸੀ। ਨਾਲੇ ਡਰਾਈਵਿੰਗ ਦੀ ਉਸ ਨੂੰ ਇੰਡੀਆ ਕਾਫੀ ਮੁਹਾਰਤ ਹਾਸਲ ਸੀ। ਸੋ ਉਸ ਨੇ ਛੇਤੀ ਹੀ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਕੇ ਕੁਝ ਡਾਲਰ ਜੋੜ ਕੇ ਇਕ ਟੈਕਸੀ ਲੈ ਲਈ।ਹੁਣ ਉਸ ਦਾ ਹੱਥ ਕਾਫੀ ਖੁੱਲ੍ਹਾ ਹੋ ਗਿਆ ਅਤੇ ਉਸ ਨੇ ਕਿਰਾਏ ਦੀ ਬੇਸਮੈਂਟ ਛੱਡ ਕੇ ਇਕ ਛੋਟਾ ਜਿਹਾ ਘਰ ਵੀ ਲੈ ਲਿਆ। ਇਸ ਸਾਰੀ ਜੱਦੋ ਜਹਿਦ ਵਿੱਚ ਉਸ ਨੂੰ ਪੰਜ ਸਾਲ ਦਾ ਸਮਾਂ ਲੱਗ ਗਿਆ ਤੇ ਉਹ ਹੁਣ ਪੰਝੀਆ ਤੋਂ ਤੀਹਾਂ ਨੂੰ ਢੁੱਕ ਗਿਆ।

ਕੁਲਬੀਰ ਨੂੰ ਹੁਣ ਕਨੇਡਾ ਦਾ ਪੀ. ਆਰ. ਕਾਰਡ ਵੀ ਮਿਲ ਚੁੱਕਾ ਸੀ। ਉਸ ਦੇ ਘਰ ਦੇ ਵਿਆਹ ਲਈ ਕਾਹਲੇ ਸਨ। ਕਨੇਡਾ ਰਹਿੰਦੇ ਰਿਸ਼ਤੇਦਾਰਾਂ ਨੇ ਵੀ ਰਿਸ਼ਤਿਆਂ ਲਈ ਜ਼ੋਰ ਪਾਇਆ। ਭਾਵੇਂ ਉਸ ਨੂੰ ਕਨੇਡਾ ਰਹਿੰਦੀਆਂ ਇਕ ਦੋ ਲੜਕੀਆਂ, ਚੰਗੀਆਂ ਸਮਝਦਾਰ ਲਗਦੀਆਂ ਸਨ ਪਰ ਉਸ ਦੇ ਮਨ ਵਿੱਚ ਇਹ ਬੈਠਾ ਹੋਇਆ ਸੀ ਕਿ ਇੰਡੀਆ ਦੀਆਂ ਕੁੜੀਆਂ ਵੱਧ ਵਫਾਦਾਰ ਸਿੱਧ ਹੁੰਦੀਆਂ ਹਨ। ਦੂਸਰਾ- ਉਹਨਾਂ ਤੇ ਸਾਰੀ ਉਮਰ ਮਰਦਾਂ ਵਾਲੀ ਧੌਂਸ ਵੀ ਜਮਾਈ ਜਾ ਸਕਦੀ ਹੈ। ਸੋ ਉਸ ਹੁਣ ਇੰਡੀਆ ਜਾ ਕੇ ਹੀ ਵਿਆਹ ਕਰਵਾਉਣ ਦਾ, ਮਨ ਨਾਲ ਸਮਝੌਤਾ ਕਰ ਲਿਆ।

ਇੰਡੀਆ ਜਾ ਕੇ ਕੁੜੀਆਂ ਦੇਖਣ ਦਾ ਸਿਲਸਿਲਾ ਸ਼ੁਰੂ ਹੋਇਆ। ਕੁੜੀਆਂ ਵਾਲੇ ਮਗਰ ਮਗਰ ਫਿਰਨ ਲੱਗੇ ਕਿਉਂਕਿ ਇੰਡੀਆ ਵਿੱਚ ਤਾਂ ਕਨੇਡਾ ਤੋਂ ਆਏ ਮੁੰਡੇ ਦੀ ਉਮਰ, ਪੜ੍ਹਾਈ ਜਾਂ ਕੰਮ ਨੂੰ ਕੌਣ ਪੁੱਛਦਾ- ਬੱਸ ਕਨੇਡਾ ਰੀਟਰਨਡ ਦੀ ਡਿਗਰੀ ਹੀ ਕਾਫੀ ਹੁੰਦੀ ਹੈ। ਸੋ ਮਸੀਂ ਕਿਤੇ ਜਾ ਕੇ ਉਸ ਨੇ, ਐਮ. ਏ. ਪਾਸ, 22 ਕੁ ਸਾਲ ਦੀ, ਪਰੀਆਂ ਵਰਗੀ, ਜਸਜੀਤ ਨੂੰ ਪਸੰਦ ਕੀਤਾ। ਧੂਮ- ਧਾਮ ਨਾਲ ਵਿਆਹ ਹੋਇਆ ਅਤੇ ਕੁਝ ਮਹੀਨਿਆਂ ਵਿੱਚ ਹੀ ਦੋਵੇਂ ਕਨੇਡਾ ਆ ਗਏ।

ਹੁਣ ਉਸ ਨੇ ਰਿਸ਼ਤੇਦਾਰਾਂ ਤੇ ਰੋਹਬ ਜਮਾਉਣ ਲਈ, ਪਹਿਲਾਂ ਤੋਂ ਵੱਡਾ ਘਰ ਤੇ ਵੱਡੀ ਗੱਡੀ ਲੈ ਲਈ। ਹੁਣ ਘਰ ਤੇ ਗੱਡੀ ਦੀਆਂ ਕਿਸ਼ਤਾਂ ਵੀ ਡਬਲ ਹੋ ਗਈਆਂ। ਦੋਵੇਂ ਦਿਨ ਰਾਤ ਇਕ ਕਰਕੇ ਕਮਾਈ ਕਰਨ ਲੱਗੇ। ਸਮਾਂ ਪਾ ਕੇ ਉਹਨਾਂ ਦੇ ਘਰ ਦੋ ਲੜਕੇ ਤੇ ਇਕ ਲੜਕੀ ਪੈਦਾ ਹੋਏ। ਜਸਜੀਤ ਤਿੰਨਾਂ ਬੱਚਿਆਂ ਨੂੰ ਕਰੈਚ ਵਿੱਚ ਛੱਡ ਕੇ ਕੰਮ ਤੇ ਜਾਂਦੀ। ਕੁਲਬੀਰ ਨੇ ਟਰੱਕ ਲੈ ਲਿਆ ਤੇ ਕਈ ਕਈ ਰਾਤਾਂ ਬਾਅਦ ਘਰ ਆਉਂਦਾ, ਤਾਂ ਵੀ ਬੱਚਿਆਂ ਦੇ ਖਰਚੇ ਤੇ ਕਿਸ਼ਤਾਂ ਮਸੀਂ ਹੀ ਪੂਰੇ ਹੁੰਦੇ। ਮੀਆਂ ਬੀਵੀ ਬਹੁਤ ਵਾਰੀ ਹਫਤੇ ਬਾਅਦ ਹੀ ਮਿਲਦੇ ਅਤੇ ਬੱਚੇ ਵਿਚਾਰੇ ਵੀ ਵੀਕ ਐਂਡ ਤੇ ਹੀ ਮਾਂ-ਬਾਪ ਦੀ ਸ਼ਕਲ ਦੇਖਦੇ।

ਜਸਜੀਤ ਕਈ ਵਾਰੀ ਇਸ ਮਸ਼ੀਨੀ ਜਿੰਦਗੀ ਤੋਂ ਅੱਕ ਕੇ ਬਹੁਤ ਉਦਾਸ ਹੋ ਜਾਂਦੀ, ਪਰ ਇਸ ਮੁਲਕ ਵਿੱਚ ਉਸ ਦਾ ਹਾਲ ਪੁੱਛਣ ਵਾਲਾ, ਕੋਈ ਵੀ ਉਸ ਦਾ ਆਪਣਾ ਨਹੀਂ ਸੀ- ਨਾ ਕੋਈ ਸਹੇਲੀ, ਨਾ ਭੈਣ, ਨਾ ਭਰਾ- ਜਿਸ ਨਾਲ ਦਿੱਲ ਦੀ ਗੱਲ ਕਰ ਸਕੇ- ਕਦੇ ਹਾਸਾ ਮਜ਼ਾਕ ਕਰ ਸਕੇ। ਕਦੇ ਮਾਪਿਆਂ ਨੂੰ ਫੋਨ ਕਰਦੀ, ਤਾਂ ਵੀ ਆਪਣੇ ਹੰਝੂ ਲੁਕਾ ਕੇ ਰੱਖਦੀ ਮਤੇ ਉਸ ਦੇ ਕੋਸੇ ਹੰਝੂਆਂ ਦਾ ਸੇਕ ਕਿਤੇ ਮਾਪਿਆਂ ਦਾ ਬੁਢਾਪਾ ਨਾ ਰੋਲ਼ ਦੇਵੇ। ਉਹ ਸਗੋਂ ਉਸ ਅੱਗੇ, ਆਪਣੇ ਰੋਣੇ ਰੋਣ ਬਹਿ ਜਾਂਦੇ, "ਅਸੀਂ ਤੈਨੂੰ ਕਨੇਡਾ ਇਸ ਲਈ ਵਿਆਹਿਆ ਸੀ ਕਿ ਤੂੰ ਛੋਟੀ ਨੂੰ ਵੀ ਲੈ ਜਾਏਂਗੀ, ਉਹ ਬੀ. ਏ. ਕਰ ਬੈਠੀ ਹੈ- ਭਰਾ ਤੇਰਾ ਅੱਡ ਹੋ ਗਿਆ ਹੈ- ਤੂੰ ਅਜੇ ਤੱਕ ਉਸ ਬਾਰੇ ਕੁੱਝ ਸੋਚਿਆ ਹੀ ਨਹੀਂ?" ਮਾਂ-ਬਾਪ ਜਵਾਨ ਹੋਈ ਲੜਕੀ, ਘਰ ਦੀਆਂ ਮਜਬੂਰੀਆਂ ਅਤੇ ਆਪਣੇ ਬੁਢਾਪੇ ਦਾ ਵਾਸਤਾ ਪਾਉਂਦੇ ਤਾਂ ਉਹ ਹੋਰ ਵੀ ਉਦਾਸ ਹੋ ਜਾਂਦੀ। ਉਸ ਨੂੰ ਸਮਝ ਨਾ ਅਉਂਦੀ ਕਿ ਆਪਣੇ ਭੋਲੇ ਭਾਲੇ ਮਾਪਿਆਂ ਨੂੰ ਕਿੰਝ ਸਮਝਾਵੇ ਕਿ ਇਹ ਕੰਮ ਇੰਨਾ ਸੌਖਾ ਨਹੀਂ। ਕਨੇਡਾ ਦੇ ਮੁੰਡਿਆਂ ਤੇ ਉਹਨਾਂ ਦੇ ਮਾਪਿਆਂ ਦੇ ਤਾਂ ਨਖਰੇ ਹੀ ਨਹੀਂ ਮਾਨ, ਤੇ ਬਹੁਤਿਆਂ ਨੇ ਤਾਂ ਪਹਿਲਾਂ ਹੀ ਵੱਟੇ ਸੱਟੇ ਸੋਚੇ ਹੋਏ ਹੁੰਦੇ ਹਨ। ਸੋ ਉਹ ਫੋਨ ਕਰਕੇ ਹੋਰ ਵੀ ਪਰੇਸ਼ਾਨ ਹੋ ਜਾਂਦੀ।

ਉਧਰ ਕੁਲਬੀਰ ਨੂੰ ਵੀ ਜਦੋਂ ਪਿੰਡ ਦੀ ਯਾਦ ਸਤਾਉਂਦੀ ਤਾਂ ਘਰ ਫੋਨ ਕਰਦਾ ਅਗੋਂ ਉਸ ਦੇ ਮਾਪੇ ਵੀ ਆਖਦੇ, "ਛੋਟਾ ਪੜ੍ਹਨੋਂ ਹਟ ਗਿਆ ਹੈ- ਦੋਸਤਾਂ ਨਾਲ ਘੁੰਮਦਾ ਰਹਿੰਦਾ ਹੈ- ਨਸ਼ੇ ਵੀ ਕਰਦਾ ਹੈ- ਅਸੀਂ ਬਹੁਤ ਪਰੇਸ਼ਾਨ ਹਾਂ। ਕਿਸੇ ਤਰੀਕੇ ਇਸ ਨੂੰ ਬਾਹਰ ਲੈ ਜਾ, ਕੋਈ ਕਨੇਡਾ ਦੀ ਕੁੜੀ ਲੱਭ ਦੇਹ- ਇਸ ਦੀ ਸੰਗਤ ਛੁੱਟ ਜਾਵੇ। ਤੂੰ ਤਾਂ ਜ਼ੋਰ ਨਾਲ ਚਲਾ ਗਿਆ ਸੀ ਪਰ ਇਸ ਨੂੰ ਤਾਂ ਅਸੀਂ ਆਪ ਇਥੋਂ ਕੱਢਣਾ ਚਾਹੁੰਦੇ ਹਾਂ। ਤੇਰੇ ਤੇ ਹੀ ਆਸ ਹੈ ਪੁੱਤਰਾ।" ਇਹ ਸੁਣ ਕੇ ਕੁਲਬੀਰ ਸੋਚੀਂ ਪੈ ਜਾਂਦਾ। ਉਹ ਤਾਂ ਜਾਣਦਾ ਸੀ ਕਿ ਕਨੇਡਾ ਰਹਿੰਦੀਆਂ ਕੁੜੀਆਂ ਕਿੰਨੀਆਂ ਤੇਜ਼- ਤਰਾਰ ਹਨ- ਤੇ ਉਹ ਤਾਂ ਚਾਰ ਦਿਨ ਵੀ ਨਹੀਂ ਕੱਟਣਗੀਆਂ ਉਸ ਦੇ ਭਰਾ ਨਾਲ। ਪਰ ਉਹ ਮਾਪਿਆਂ ਨੂੰ ਕਿੰਜ ਸਮਝਾਵੇ?

ਦੋਹਾਂ ਨੇ ਆਪੋ ਆਪਣੀ ਪਰੇਸ਼ਾਨੀ ਇਕ ਦੂਜੇ ਨਾਲ ਸਾਂਝੀ ਕੀਤੀ। ਮਨ ਦੇ ਘੋੜੇ ਕਈ ਪਾਸੇ ਦੁੜਾਏ। ਕਈ ਥਾਈਂ ਗੱਲ ਤੋਰੀ ਵੀ ਪਰ ਕਿਤੇ ਸਿਰੇ ਨਾ ਚੜ੍ਹ ਸਕੀ। ਉਧਰ ਦੋਹਾਂ ਦੇ ਮਾਪੇ ਤੋੜ ਤੋੜ ਖਾ ਰਹੇ ਸਨ। ਅਖੀਰ ਉਹਨਾਂ ਆਪਸ ਵਿੱਚ ਇਕ ਸਮਝੌਤਾ ਕੀਤਾ। ਸਮਝੌਤਾ ਇਹ ਸੀ ਕਿ ਦੋਵੇਂ ਆਪਸ ਵਿੱਚ ਤਲਾਕ ਲੈ ਲੈਣ (ਕਾਗਜ਼ਾਂ ਵਿੱਚ), ਤੇ ਕੁਲਬੀਰ ਆਪਣੀ ਸਾਲੀ ਨੂੰ ਵਿਆਹ ਲਈ ਸੱਦ ਲਵੇ, ਤੇ ਉਹ ਜਦ ਪੱਕੀ ਹੋ ਜਾਵੇ ਤਾਂ ਕੁਲਬੀਰ ਨੂੰ ਤਲਾਕ ਦੇ ਕੇ ਉਸ ਦੇ ਭਰਾ ਨੂੰ ਵਿਆਹ ਲਈ ਸੱਦ ਲਵੇ। ਭਾਵੇਂ ਇਸ ਲਈ ਉਹਨਾਂ ਨੂੰ ਆਪਣੀ ਜ਼ਮੀਰ ਨੂੰ ਤਾਂ ਮਾਰਨਾ ਪੈਣਾ ਸੀ ਪਰ ਉਹਨਾਂ ਆਪੋ ਆਪਣੇ ਮਨ ਨਾਲ ਸਮਝੌਤਾ ਕੀਤਾ ਕਿ ਇਹ ਸਭ ਕੁੱਝ ਕਾਗਜ਼ਾਂ ਵਿੱਚ ਹੀ ਹੋਣਾ ਹੈ- ਵੈਸੇ ਤਾਂ ਉਹ ਮੀਆਂ ਬੀਵੀ ਹੀ ਰਹਿਣਗੇ। ਇਸ ਸਮਝੌਤੇ ਨੂੰ ਅੰਜਾਮ ਦੇਣ ਲਈ ਇਕ ਭਾਰਤੀ ਮੂਲ ਦੇ ਮਾਹਿਰ ਵਕੀਲ ਦੀ ਸਲਾਹ ਲਈ ਗਈ।

ਹੁਣ ਸਮਝੌਤੇ ਦੀ ਪਹਿਲੀ ਸ਼ਰਤ ਤੇ ਅਮਲ ਕਰਦਿਆਂ ਹੋਇਆਂ, ਕੁਲਬੀਰ ਨੇ ਬੀਵੀ ਨੂੰ ਤਲਾਕ ਦੇ ਕੇ, ਸਾਲੀ ਨੂੰ ਵਿਆਹ ਲਈ ਸੱਦ ਲਿਆ ਤੇ ਝੂਠ ਨੂੰ ਸੱਚ ਸਾਬਤ ਕਰਨ ਲਈ, ਬੀਵੀ ਤੇ ਬੱਚਿਆਂ ਨੂੰ ਹੋਰ ਘਰ ਲੈ ਕੇ ਦਿੱਤਾ ਗਿਆ। ਹੁਣ ਉਸ ਲੜਕੀ ਨੇ ਸਮਾਂ ਪਾ ਕੇ ਸਮਝੌਤੇ ਮੁਤਾਬਕ ਕੁਲਬੀਰ ਨੂੰ ਤਲਾਕ ਤਾਂ ਦੇ ਦਿੱਤਾ, ਪਰ ਵਿਆਹ ਲਈ- ਆਪਣੀ ਮਨ ਪਸੰਦ ਦਾ ਇਕ ਪੜ੍ਹਿਆ ਲਿਖਿਆ ਮੁੰਡਾ ਇੰਡੀਆ ਤੋਂ ਮੰਗਵਾ ਲਿਆ। ਕੁਲਬੀਰ ਬੁਰੀ ਤਰ੍ਹਾਂ ਛਟਪਟਾਇਆ। ਉਸ ਨੇ ਤਾਂ ਆਪਣੇ ਭਰਾ ਨੂੰ ਮੰਗਵਾਉਣ ਲਈ, ਆਪਣੀ ਫੈਮਿਲੀ ਲਾਈਫ ਦੀ ਕੁਰਬਾਨੀ ਦੇ ਕੇ, ਇਹ ਸਮਝੌਤਾ ਕੀਤਾ ਸੀ।

ਉਹ ਬੌਂਦਲਿਆ ਹੋਇਆ ਬੀਵੀ ਦੇ ਗਲ ਪੈ ਗਿਆ, "ਮੈਂ ਤਾਂ ਤੇਰੀ ਭੈਣ ਮੰਗਵਾ ਲਈ ਪਰ ਮੇਰੇ ਭਰਾ ਨੂੰ ਹੁਣ ਕੌਣ ਮੰਗਵਾਏਗਾ?"

"ਉਸ ਦੀ ਮਰਜ਼ੀ, ਮੈਂ ਕੀ ਕਰ ਸਕਦੀ ਹਾਂ?" ਉਹ ਕੇਵਲ ਇੰਨਾ ਹੀ ਕਹਿ ਸਕੀ, ਭਾਵੇਂ ਉਹ ਦਿਲੋਂ ਖੁਸ਼ ਸੀ ਕਿ ਉਸ ਦੀ ਭੈਣ ਨਸ਼ਈ ਦੇ ਲੜ ਲੱਗਣੋਂ ਬਚ ਗਈ। ਉਹ ਸੋਚ ਰਹੀ ਸੀ ਕਿ- ਕਦੋਂ ਸਾਡਾ ਸਮਾਜ ਔਰਤ ਨੂੰ ਆਪਣਾ ਵਰ ਖੁਦ ਚੁਨਣ ਦੀ ਇਜਾਜ਼ਤ ਦੇਵੇਗਾ?

ਕੁਲਬੀਰ ਹੋਰ ਵੀ ਘਰੋਂ ਬਾਹਰ ਰਹਿਣ ਲੱਗ ਪਿਆ। ਜੇ ਆਉਂਦਾ ਵੀ ਤਾਂ ਤਾਹਨੇ ਮਿਹਣੇ ਸ਼ੁਰੂ ਹੋ ਜਾਂਦੇ। ਬੱਚੇ ਵੀ ਇਸ ਤਨਾਅ ਪੂਰਨ ਮਹੌਲ ਵਿੱਚ ਹੁਣ ਜਵਾਨ ਹੋ ਚੁੱਕੇ ਸਨ ਤੇ ਯੂਨੀਵਰਸਿਟੀ ਵਿੱਚ ਪੜ੍ਹਦੇ ਸਨ। ਵੈਸੇ ਉਹਨਾਂ ਨੂੰ ਸ਼ੁਰੂ ਤੋਂ ਹੀ ਮਾਂ ਬਾਪ ਦਾ ਪਿਆਰ ਤਾਂ ਮਿਲਿਆ ਹੀ ਨਹੀਂ ਸੀ- ਬੱਸ ਖਰਚਾ ਜ਼ਰੂਰ ਮਿਲਦਾ ਰਿਹਾ ਸੀ। ਸੋ ਵੱਡੇ ਮੁੰਡੇ ਨੇ ਇਕ ਗੋਰੀ ਲੱਭ ਲਈ ਤੇ ਮਾਪਿਆਂ ਦੀ ਮਰਜ਼ੀ ਤੋਂ ਬਿਨਾਂ ਹੀ ਵਿਆਹ ਵੀ ਕਰ ਲਿਆ।

ਛੋਟਾ ਵੀ ਇਕ ਦੋਸਤ ਲੜਕੀ ਨਾਲ ਵਿਆਹ ਤੋਂ ਬਿਨਾਂ ਹੀ ਰਹਿਣ ਲੱਗ ਪਿਆ। ਕੁੜੀ ਵੀ ਲਵ- ਮੈਰਿਜ ਕਰਵਾ ਕੇ ਆਪਣੇ ਘਰ ਚਲੀ ਗਈ। ਜਸਜੀਤ ਵੀ ਰੋਜ਼ ਦੀ ਲੜਾਈ ਤੋਂ ਤੰਗ ਆ ਕੇ ਆਪਣੀ ਧੀ ਕੋਲ ਹੀ ਰਹਿਣ ਲੱਗ ਪਈ। ਵੈਸੇ ਵੀ ਉਹ ਕਾਗਜ਼ਾਂ ਵਿੱਚ ਤਾਂ ਕੁਲਬੀਰ ਨੂੰ ਤਲਾਕ ਦੇ ਹੀ ਚੁੱਕੀ ਸੀ- ਉਸ ਨੂੰ ਲੋੜ ਵੀ ਕੀ ਸੀ ਹੁਣ ਉਸ ਦਾ ਰੋਹਬ ਸਹਿਣ ਦੀ? ਕੁਲਬੀਰ ਹੁਣ ਬਿਲਕੁੱਲ ਇਕੱਲਾ ਰਹਿ ਗਿਆ। ਭਾਵੇਂ ਉਹ ਸੱਠਵਿਆਂ ਵਿੱਚ ਪਹੁੰਚ ਚੁੱਕਾ ਸੀ- "ਪਰ ਸ਼ੇਵ ਕਰਕੇ ਤੇ ਵਾਲ ਡਾਈ ਕਰਕੇ ਕਿਹੜਾ ਇੱਧਰ ਉਮਰ ਦਾ ਪਤਾ ਲਗਦਾ ਹੈ?" ਉਹ ਸ਼ੀਸ਼ੇ ਅੱਗੇ ਖੜ੍ਹ ਕੇ ਸੋਚਣ ਲੱਗਾ। ਝੱਟ ਹੀ ਉਸ ਨੇ ਆਪਣੇ ਮਨ ਨਾਲ ਇਕ ਹੋਰ ਸਮਝੌਤਾ ਕੀਤਾ, "ਕਿਉਂ ਨਾ ਇੰਡੀਆ ਜਾ ਕੇ ਕਿਸੇ ਲੋੜਵੰਦ ਜੀਵਨ ਸਾਥਣ ਦੀ ਭਾਲ ਕੀਤੀ ਜਾਵੇ?"

## ਗੜ੍ਹੀ ਚਮਕੌਰ ਦੀ

ਕੱਚੀ ਗੜ੍ਹੀ ਚਮਕੌਰ ਦੀ ਮੈਂ ਉਦੋਂ ਬੋਲ ਨਾ ਸੱਕੀ।
ਗੋਬਿੰਦ ਸਿੰਘ ਮੈਨੂੰ ਕਰ ਗਿਆ, ਕੱਚੀ ਤੋਂ ਪੱਕੀ।

ਸਿੰਘ ਮਸਾਂ ਹੀ ਚਾਲੀ ਸਨ, ਤੇ ਫੌਜ ਸੀ ਲੱਖਾਂ।
ਢੇਰ ਲਾਸ਼ਾਂ ਦੇ ਲੱਗ ਗਏ, ਮੈਂ ਰੁਲ਼ ਗਈ ਕੱਖਾਂ।
ਯੁੱਧ ਅਸਾਵਾਂ ਦੇਖਦੀ, ਰਹੀ ਹੱਕੀ ਬੱਕੀ
ਕੱਚੀ.......
ਮੇਰੀ ਛਾਤੀ ਉੱਤੇ ਸਿਰ ਧਰ, ਸਿੰਘ ਸੂਰਮੇ ਸੁੱਤੇ।
ਅਜੀਤ ਤੇ ਜੁਝਾਰ ਦੋ, ਸਨ ਜੋਬਨ ਰੁੱਤੇ।
ਸਾਂਭਦੀ ਮਰਜੀਵੜੇ, ਮੈਂ ਅਜੇ ਨਾ ਥੱਕੀ
ਕੱਚੀ.......
'ਕੱਲੇ 'ਕੱਲੇ ਸਿੰਘ ਨੇ, ਵੈਰੀ ਸੁਰਤ ਭੁਲਾਈ।
ਗੋਬਿੰਦ ਦੇ ਜੈਕਾਰਿਆਂ, ਮੇਰੀ ਧਰਤ ਗੂੰਜਾਈ।
ਰੂਹ ਮੇਰੀ ਧੰਨ ਧੰਨ ਕਰੇ, ਸਿੰਘਾਂ ਨੂੰ ਤੱਕੀ
ਕੱਚੀ.........
ਸੁਣੋ ਸ਼ਹੀਦਾਂ ਦੇ ਵਾਰਸੋ, ਸੰਦੇਸ਼ ਸੁਣਾਵਾਂ।
ਕਿਧਰੇ ਭੁੱਲ ਨਾ ਜਾਵਣਾ, ਮੇਰਾ ਸਿਰਨਾਵਾਂ।
'ਦੀਸ਼' ਬੈਠੀ ਇਤਿਹਾਸ ਨੂੰ, ਮੈਂ ਸੀਨੇ ਡੱਕੀ
ਕੱਚੀ......

# ਵਿਸ਼ਵ ਕੱਪ ਜੇਤੂ ਕਬੱਡੀ ਖਿਡਾਰਨਾਂ ਦਾ ਜਗਤਪੁਰ 'ਚ ਜ਼ੋਰਦਾਰ ਸਵਾਗਤ

ਮੁਕੰਦਪੁਰ - ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ ਦੀ ਜੂਹ 'ਚ ਉਦੋਂ ਵਿਆਹ ਵਾਲਾ ਮਾਹੌਲ ਬਣ ਗਿਆ ਜਦੋਂ ਵਿਸ਼ਵ ਕਬੱਡੀ ਕੱਪ ਦੀ ਜੇਤੂ ਭਾਰਤੀ ਟੀਮ ਦੀ



ਤਸਵੀਰਾਂ ਤੇ ਰਿਪੋਰਟ ਰੇਸਮ ਕਰਨਾਣਵੀ

ਕਪਤਾਨ ਸੁਖਵਿੰਦਰ ਕੌਰ ਤੇ ਹੋਰ ਖਿਡਾਰਨਾਂ ਦਾ ਪਿੰਡ ਵਾਸੀਆਂ ਵਲੋਂ ਢੋਲ-ਢਮੱਕੇ ਨਾਲ ਸਵਾਗਤ ਕੀਤਾ ਗਿਆ। ਇਸ ਪਿੰਡ 'ਚ ਸਥਾਪਤ ਮਾਈ ਭਾਗੋ ਕਬੱਡੀ ਅਕੈਡਮੀ ਦੀਆਂ ਕਪਤਾਨ ਤੋਂ ਇਲਾਵਾ ਅਨੂੰ ਰਾਣੀ, ਪ੍ਰਿਯੰਕਾ ਦੇਵੀ, ਮਨਦੀਪ ਕੌਰ ਲੜਕੀਆਂ ਦੀ ਖੇਡ ਕਲਾ ਦਾ ਉਕਤ ਜਿੱਤ 'ਚ ਵੱਡਮੁੱਲਾ ਯੋਗਦਾਨ ਰਿਹਾ। ਜਿੱਤ ਤੋਂ ਬਾਅਦ ਪਿੰਡ ਪਹੁੰਚਣ 'ਤੇ ਪਿੰਡ ਵਾਸੀਆਂ ਵਲੋਂ ਢੋਲ ਵਜਾਏ ਗਏ ਅਤੇ ਲੱਡੂ ਵੰਡ ਕੇ ਤੇ ਪਟਾਕੇ ਚਲਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਉਕਤ ਖਿਡਾਰਨਾਂ 'ਚ ਸ਼ਾਮਿਲ ਅਨੂੰ ਰਾਣੀ ਟੂਰਨਾਮੈਂਟ ਦੌਰਾਨ ਬੈਸਟ ਸਟਾਪਰ ਚੁਣੀ ਗਈ। ਜਿਸ ਨੂੰ ਸਨਮਾਨ ਵਲੋਂ ਅਲਟੋ ਕਾਰ ਭੇਂਟ ਕੀਤੀ ਗਈ। ਇਨ੍ਹਾਂ ਲੜਕੀਆਂ ਦੀ ਕੋਚ ਜਸਕਰਨ ਕੌਰ ਲਾਡੀ ਅਤੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਤਿੰਨ ਸਾਲ ਤੋਂ ਭਾਰਤੀ ਮਹਿਲਾ ਟੀਮ ਦਾ ਵਿਸ਼ਵ ਕੱਪ ਜਿੱਤਣਾ ਅਤੇ ਪਿੰਡ ਜਗਤਪੁਰ ਦੀ ਅਕੈਡਮੀ ਦੀਆਂ ਖਿਡਾਰਨਾਂ ਦਾ ਇਸ ਪ੍ਰਾਪਤੀ 'ਚ ਵੱਡਾ ਯੋਗਦਾਨ ਪਾਉਣਾ ਬਹੁਤ ਹੀ ਮਾਣਮਈ ਹੈ। ਪਿੰਡ ਵਾਸੀਆਂ 'ਚ ਸ਼ਾਮਲ ਸਵਰਨ ਸਿੰਘ ਤੇ ਅਵਤਾਰ ਸਿੰਘ ਨੇ ਆਪੋ-ਆਪਣੇ ਵਿਚਾਰਾਂ 'ਚ ਕਿਹਾ ਕਿ ਇਨ੍ਹਾਂ ਹੋਣਹਾਰ ਲੜਕੀਆਂ 'ਤੇ ਪਿੰਡ ਨੂੰ ਬਹੁਤ ਫ਼ਖਰ ਹੈ। ਇਥੇ ਗੌਰਤਲਬ ਹੈ ਕਿ ਭਾਵੇਂ ਅਕੈਡਮੀ ਦੀਆਂ ਖਿਡਾਰਨਾਂ ਨੂੰ ਸਰਕਾਰ ਵਲੋਂ ਨੌਕਰੀਆਂ ਦੇਣ ਦਾ ਵਾਅਦਾ ਫਾਇਲਾਂ 'ਚ ਸਫ਼ਰ ਕਰ ਰਿਹਾ ਹੈ। ਪਰ ਇਹ ਲੜਕੀਆਂ ਦੇਸ਼ ਦਾ ਮਾਣ ਬਣਾਉਣ ਲਈ ਨਿਰੰਤਰ ਮਿਹਨਤ ਕਰ ਰਹੀਆਂ ਹਨ।

# ਭਾਰਤ ਲਗਾਤਾਰ ਚੌਥੀ ਵਾਰ ਬਣਿਆ ਵਿਸ਼ਵ ਚੈਂਪੀਅਨ

ਲੁਧਿਆਣਾ- ਭਾਰਤ ਦੀ ਪੁਰਸ਼ ਕਬੱਡੀ ਟੀਮ ਨੇ ਮੁੜ ਇਤਿਹਾਸ ਸਿਰਜਦਿਆਂ ਚੌਥੇ ਵਿਸ਼ਵ ਕੱਪ ਕਬੱਡੀ 2013 ਦੇ ਫਸਵੇਂ ਅਤੇ ਇਕ-ਇਕ ਅੰਕ ਦੇ ਸੰਘਰਸ਼ ਵਾਲੇ ਫਾਈਨਲ ਵਿੱਚ ਪਾਕਿਸਤਾਨ ਨੂੰ 48-39 ਨਾਲ ਹਰਾ ਕੇ ਕਬੱਡੀ ਦੇ ਮੁੜ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀਆਂ ਸ. ਪਰਕਾਸ਼ ਸਿੰਘ ਬਾਦਲ ਅਤੇ ਜਨਾਬ ਸ਼ਾਹਬਾਜ਼ ਸ਼ਰੀਫ ਦੀ ਮੌਜੂਦਗੀ ਵਿੱਚ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ ਦਰਸ਼ਕਾਂ ਦੇ ਠਾਠਾਂ ਮਾਰਦੇ ਇਕੱਠ ਸਾਹਮਣੇ ਖੇਡੇ ਗਏ ਫਾਈਨਲ ਵਿੱਚ ਭਾਰਤ ਤੇ ਪਾਕਿਸਤਾਨ ਦੇ ਰੇਡਰਾਂ ਅਤੇ ਜਾਫੀਆਂ ਨੇ ਬਿਹਤਰ ਖੇਡ ਦਿਖਾਈ। ਵਿਸ਼ਵ ਕੱਪ ਵਿੱਚ ਭਾਰਤ ਦੀ ਇਹ ਲਗਾਤਾਰ ਚੌਥੀ ਖਿਤਾਬੀ ਜਿੱਤ ਹੈ ਅਤੇ ਪਾਕਿਸਤਾਨ ਦੀ ਟੀਮ ਨੂੰ ਤੀਜੀ ਵਾਰ ਫਾਈਨਲ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਖਿਤਾਬ ਜਿੱਤਣ ਦਾ ਸੁਫਨਾ ਫੇਰ ਚਕ-ਨਾਚੂਰ ਹੋਇਆ।

ਲਹਿੰਦੇ ਪੰਜਾਬ ਦੇ ਵਜ਼ੀਰ-ਏ-ਆਲਾ ਸ਼ਾਹਬਾਜ਼ ਸ਼ਰੀਫ, ਚੜ੍ਹਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਜੇਤੂ ਟੀਮਾਂ ਜੇਤੂ ਰਾਸ਼ੀ ਦੇ ਚੈਕ ਤੇ ਟਰਾਫੀਆਂ ਅਤੇ ਖਿਡਾਰੀਆਂ ਨੂੰ ਤਮਗੇ ਦਿੱਤੇ। ਭਾਰਤ ਨੇ ਪਹਿਲੇ ਸਥਾਨ ਨਾਲ 2 ਕਰੋੜ ਦਾ ਇਨਾਮ ਜਿੱਤਿਆ ਜਦੋਂ ਕਿ ਉਪ ਜੇਤੂ ਪਾਕਿਸਤਾਨ ਨੇ 1 ਕਰੋੜ ਰੁਪਏ ਅਤੇ ਤੀਸਰੇ ਸਥਾਨ 'ਤੇ ਆਈ ਅਮਰੀਕਾ ਦੀ ਟੀਮ ਨੇ 51 ਲੱਖ ਰੁਪਏ ਦਾ ਇਨਾਮ ਹਾਸਲ ਕੀਤਾ। ਇਸ ਮੌਕੇ ਮਹਿਲਾ ਵਰਗ ਵਿੱਚ ਤੀਜੀ ਵਾਰ



ਚੈਂਪੀਅਨ ਬਣੀ ਭਾਰਤ ਦੀ ਟੀਮ ਨੂੰ 1 ਕਰੋੜ ਰੁਪਏ, ਉਪ ਜੇਤੂ ਬਣੀ ਨਿਊਜ਼ੀਲੈਂਡ ਨੂੰ 51 ਲੱਖ ਰੁਪਏ ਅਤੇ ਤੀਜੇ ਸਥਾਨ 'ਤੇ ਰਹੀ ਡੈਨਮਾਰਕ ਦੀ ਟੀਮ ਨੂੰ 25 ਲੱਖ ਰੁਪਏ ਦਾ ਇਨਾਮ ਵੀ ਦਿੱਤਾ ਗਿਆ।

ਮਹਿਲਾ ਵਰਗ ਦੀ ਸਰਵੋਤਮ ਰੇਡਰ ਤੇ ਜਾਫੀ ਨੂੰ ਮਿਲੀਆਂ ਆਲਟੋ ਕਾਰ- ਪੁਰਸ਼ ਵਰਗ ਵਿੱਚ ਸਰਵੋਤਮ ਰੇਡਰ ਬਣੇ ਬਲਬੀਰ ਦੁੱਲਾ ਤੇ ਸਰਵੋਤਮ ਜਾਫੀ ਬਣੇ ਬਲਬੀਰ ਪਾਲਾ ਨੂੰ ਇਕ-ਇਕ ਪ੍ਰੀਤ ਟਰੈਕਟਰ ਜਦੋਂ ਕਿ ਮਹਿਲਾ ਵਰਗ ਵਿੱਚ ਸਰਵੋਤਮ ਰੇਡਰ ਬਣੀ ਭਾਰਤ ਦੀ ਰਾਮ ਬਤੇਰੀ ਅਤੇ ਸਰਵੋਤਮ ਜਾਫੀ ਬਣੀ ਭਾਰਤ ਦੀ ਅਨੂ ਰਾਣੀ ਨੂੰ ਇਕ-ਇਕ ਮਾਰੂਤੀ ਆਲਟੋ ਕਾਰ ਇਨਾਮ ਵਿੱਚ ਦਿੱਤੀ ਗਈ।

ਸਾਹਿਬੇ- ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਲੇਖ

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ

## 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥'



ਐਚ. ਐਲ. ਕਪੂਰ
916-504-0218

ਸਰਬੰਸਦਾਨੀ, ਇਕ ਬਹੁਪੱਖੀ ਸ਼ਖਸੀਅਤ ਦੇ ਮਾਲਕ, ਵਿਦਵਤਾ ਦੇ ਮੁਜੱਸਮੇ, ਇਨਕਲਾਬੀ ਯੋਧੇ, ਕਰਮਯੋਗੀ, ਸੰਤ-ਸਿਪਾਹੀ ਤੇ ਮਰਦ ਅਗੰਮੜੇ ਦਸਮ-ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਸੰਬਰ, 1666 ਈ: ਨੂੰ ਪਟਨਾ ਸਾਹਿਬ ਦੀ ਧਰਤੀ ਤੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਵਿਖੇ ਹੋਇਆ ਅਤੇ ਉਹ ਮਨੁੱਖਤਾ ਦੀ ਸੇਵਾ ਤੇ ਰੱਖਿਆ ਕਰਦਿਆਂ ਸੰਨ 1708 ਈ: ਨੂੰ ਨਾਂਦੇੜ ਮਹਾਰਾਸ਼ਟਰ ਵਿਖੇ ਕੋਈ 42 ਸਾਲ ਦੀ ਉਮਰ ਭੋਗ ਕੇ ਜੋਤੀ-ਜੋਤ ਸਮਾ ਗਏ।

ਆਪ ਨੇ ਮਨੁੱਖਤਾ ਦੀ ਭਲਾਈ ਲਈ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਲੇਖੇ ਲਾ ਦਿੱਤਾ ਤੇ ਇੰਨਾ ਕੁਝ ਕਰਕੇ ਵੀ ਆਪਣੇ ਆਪ ਨੂੰ ਪਰਮ-ਪੁਰਖ ਪ੍ਰਮਾਤਮਾ ਦਾ ਦਾਸ ਹੀ ਜਾਣਿਆ। ਸਦੀਆਂ ਤੋਂ ਜ਼ੁਲਮ ਦੀ ਮਾਰ ਝੱਲ ਰਹੀ ਦੱਬੇ-ਕੁਚਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਦੇ ਡਰ ਨੂੰ ਦੂਰ ਕਰਨ ਲਈ, ਅਜੋਕੀ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਸਿਰਤੋੜ ਯਤਨ ਕੀਤਾ। ਗੁਰੂ ਜੀ ਕਿੰਨੇ ਮਹਾਨ ਹਨ ਕਿ ਉਹਨਾਂ ਨੇ ਅੱਜ ਤੋਂ ਕੋਈ ਤਿੰਨ ਸੌ ਸਾਲ ਪਹਿਲਾਂ ਇਹ ਐਲਾਨ ਕੀਤਾ ਕਿ ਸਮੁੱਚੀ ਮਾਨਵਤਾ ਵਿਚ, ਉਸ ਇਕੋ ਅਕਾਲ-ਪੁਰਖ ਦੀ ਜੋਤ ਕੰਮ ਕਰ ਰਹੀ ਹੈ ਤੇ ਸਭ ਮਨੁੱਖ ਸਮਾਨ ਹਨ। ਉਹਨਾਂ ਨੂੰ ਜਾਤ ਪਾਤ, ਨਸਲ ਤੇ ਰੰਗ ਭੇਦ ਦੇ ਆਧਾਰ ਤੇ ਵੰਡਿਆ ਨਹੀਂ ਜਾ ਸਕਦਾ। ਇਸ ਲਈ ਸਾਰੀ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ, ਸਭ ਨੂੰ ਪ੍ਰਮਾਤਮਾ ਦਾ ਰੂਪ ਸਮਝਣਾ ਚਾਹੀਦਾ ਹੈ।

ਕੋਈ ਭਇਓ ਮੁੰਡੀਆ ਸੰਨਿਆਸੀ
ਕੋਈ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ,
ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥

ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਨੂੰ ਵਿਸਾਖੀ ਵਾਲੇ ਦਿਨ ਇਕ ਵਿਸ਼ਾਲ ਇਕੱਠ ਦੇ ਸਾਹਮਣੇ ਦੀਵਾਨ ਲਾ ਕੇ 'ਖਾਲਸਾ ਪੰਥ' ਦੀ ਨੀਂਹ ਰੱਖੀ। 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾਅ ਕੇ 'ਸਿੰਘ' ਸਾਜਿਆ ਤੇ ਉਹਨਾਂ ਤੋਂ ਆਪ ਵੀ ਅੰਮ੍ਰਿਤ ਛਕਿਆ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਅਖਵਾਇਆ।

ਗੁਰੂ ਜੀ ਨੇ ਜੋ 'ਪੰਜ ਪਿਆਰਿਆਂ' ਦੀ ਚੋਣ ਕੀਤੀ, ਉਹ ਵੱਖ-ਵੱਖ ਜਾਤਾਂ ਦੇ ਸਨ। ਉਹਨਾਂ ਵਿਚ ਖੱਤਰੀ, ਜਾਟ, ਝੀਵਰ, ਛੀਂਬਾ ਤੇ ਨਾਈ ਜਾਤੀ ਦੇ ਲੋਕ ਸਨ। ਖੱਤਰੀ ਜਾਤੀ ਨੂੰ ਛੱਡ ਕੇ ਬਾਕੀ ਚਾਰੇ ਜਾਤਾਂ ਦੇ ਲੋਕ ਦਲਿਤ ਜਾਤਾਂ ਦੇ ਸਨ। ਖੱਤਰੀ ਵੀ ਕੋਈ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ, ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ ਪੰਜ ਪਿਆਰਿਆਂ ਦੀ 'ਸੰਸਥਾ' ਤੇ ਨਾ ਤਾਂ ਕੋਈ ਉੱਚ ਜਾਤੀ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ ਜਾਤੀ ਦਾ ਏਕਾ-ਅਧਿਕਾਰ ਰਹਿ ਸਕਿਆ। ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੀ ਉਚੇਰੀ ਸੂਝ-ਬੂਝ ਨਾਲ ਜਾਤੀ-ਪ੍ਰਥਾ ਉਤੇ ਇਕ ਭਰਵੀਂ ਸੱਟ ਮਾਰੀ। ਉਹਨਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਦੀ ਲੋੜ ਨੂੰ ਨਕਾਰ ਦਿੱਤਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਜਾਤ-ਪਾਤ ਦੇ ਵਿਰੁੱਧ ਵਿਚਾਰਧਾਰਾ ਨੂੰ ਪ੍ਰਤੀਨਿਧਤਾ ਦਿੱਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਨੀਚਾ ਅੰਦਰ ਨੀਚ ਜਾਤ ਨੀਚੀ ਹੂ ਅਤਿ ਨੀਚ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ਼॥

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਉਦੇਸ਼ ਸੱਚੇ ਧਰਮ ਦੀ ਸਥਾਪਨਾ, ਗਰੀਬਾਂ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰੱਖਿਆ ਕਰਨਾ ਤੇ ਹਰ ਤਰ੍ਹਾਂ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਹਨਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਤੇ ਗਿਰਾਵਟ ਦਾ ਕਾਰਨ ਮਨੁੱਖ ਦੀ ਗ਼ੁਲਾਮ ਮਾਨਸਿਕਤਾ ਹੈ। ਉਹਨਾਂ ਦਾ ਧਰਮ-ਯੁੱਧ ਕਰਨ ਦਾ ਕਾਰਨ ਲੋਕਾਂ ਤੇ ਹੋ ਰਹੇ ਜ਼ੁਲਮ-ਜਬਰ ਨੂੰ ਰੋਕਣਾ ਸੀ। ਉਹ ਆਪਣੇ ਜੀਵਨ ਦੇ ਮਨੋਰਥ ਨੂੰ ਬੜੀ ਸਪਸ਼ਟਤਾ ਨਾਲ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵਿ ਪਠਾਏ॥
ਜਹਾ ਤਹਾ ਤੁਮ ਧਰਮ ਬਿਥਾਰੋ॥
ਦੁਸ਼ਟ ਦੋਖਯਨਿ ਪਕਰਿ ਪਛਾਰੋ॥
ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਨਿ॥



ਗੁਰੂ ਜੀ ਨੇ ਅਖੌਤੀ ਗੁਰੂਆਂ ਦੇ ਪਾਖੰਡਾਂ ਦੇ ਪਾਜ ਨੂੰ ਖੂਬ ਉਘਾੜਿਆ। ਉਹਨਾਂ ਦੇ ਪਾਖੰਡਾਂ ਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਲੋਕਾਈ ਨੂੰ ਸੱਚੇ-ਸੁੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ। ਮੂਰਤੀ ਪੂਜਾ, ਬੁੱਤ-ਪ੍ਰਸਤੀ, ਤੀਰਥਾਂ ਤੇ ਯਾਤਰਾ ਕਰਨੀ ਤੇ ਸਮਾਧੀਆਂ ਲਾਉਣਾ ਆਦਿ ਦੀ ਨਿਖੇਧੀ ਕੀਤੀ ਤੇ ਜਨ-ਜੀਵਨ ਨੂੰ ਉਪਦੇਸ਼ ਦਿੱਤਾ ਕਿ ਇਹਨਾਂ ਕਰਮਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਹੋਰ ਵੀ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਰੱਜ ਕੇ ਖੰਡਨ ਕੀਤਾ। ਲੋਕਾਂ ਨੂੰ ਇਕ ਅਕਾਲ-ਪੁਰਖ ਦੇ ਸੱਚੇ ਮਾਰਗ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ:-

ਕਹਾਂ ਭਯੋ ਜੰ ਦੋਊ ਲੋਚਨ ਮੂੰਦ ਕੈ।
ਬੈਠ ਰਹਿਓ ਬਕ ਧਯਾਨ ਲਗਾਇਓ॥
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨ।
ਲੋਕ ਗਇਓ ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸੋ ਬੈਠ ਕੇ।
ਐਸੇ ਹੀ ਐਸ ਸੁ ਬੈਸ ਬਿਤਾਇਓ॥
ਸਾਚ ਕਹੋ ਸੁਨ ਲੇਹ ਸਭੈ।
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

ਸਭ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਗੁਰੂ ਜੀ ਨੇ ਇਹ ਕੀਤੀ ਕਿ ਉਹਨਾਂ ਨੇ ਦੱਬੇ-ਕੁਚਲੇ, ਲਿਤਾੜੇ ਹੋਏ, ਗਰੀਬ ਤੇ ਕਿਰਤੀ ਲੋਕਾਂ ਨੂੰ ਆਪਣੇ ਗਲੇ ਲਗਾਇਆ। ਸਦੀਆਂ ਤੋਂ ਗੁਲਾਮੀ ਵਿਚ ਜਕੜੇ ਲੋਕਾਂ ਨੂੰ ਜਾਗਰਿਤ ਕਰਕੇ ਅਣਖ ਦੀ ਜ਼ਿੰਦਗੀ ਜਿਊਣ ਦੀ ਜਾਂਚ ਦੱਸੀ। ਇਹੀ ਲੋਕ ਗੁਰੂ ਕ੍ਰਿਪਾ ਨਾਲ ਖਾਲਸਾ ਸਜ ਕੇ ਗੁਰੂ ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਸ ਤੇ ਤਸੱਲੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ,
ਨਹੀਂ ਮੋ ਸੇ ਗਰੀਬ ਕਰੋਰ ਪਰੈ॥

ਦਸਮ ਪਿਤਾ ਜੀ ਦੀ ਇਹ ਇਕ ਬਹੁਤ ਉੱਚੀ ਸੋਚ ਦਾ ਨਤੀਜਾ ਹੈ ਕਿ ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਦਿੱਤਾ। ਦੁਨੀਆਂ ਦੇ ਕਿਸੇ ਵੀ ਇਤਿਹਾਸ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ। ਖਾਲਸੇ ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਆਪਣਾ 'ਗੁਰੂ' ਵੀ ਸਵੀਕਾਰ ਕੀਤਾ ਤੇ ਖਾਲਸਾ ਪ੍ਰਗਟ ਕਰਕੇ ਗੁਰੂ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ ਨੂੰ ਸੌਂਪ ਦਿੱਤਾ। ਇਸ ਬਾਰੇ ਉਹ ਇਸ ਤਰ੍ਹਾਂ ਫ਼ਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮੈਂ ਹਉ ਕਰਉ ਨਿਵਾਸ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਣ ਸੂਰਾ।

ਦੁਨੀਆਂ ਦੇ ਹੋਰ ਧਾਰਮਿਕ ਗੁਰੂਆਂ ਤੇ ਰਹਿਬਰਾਂ ਵਾਗ ਉਹਨਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਕੋਈ ਧਰਮ ਚਲਾਇਆ। ਆਪਣੇ ਆਪ ਨੂੰ ਉਹਨਾਂ ਅਕਾਲ ਪੁਰਖ ਦਾ ਦਾਸ ਤੇ ਸੇਵਕ ਦੱਸਿਆ। 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦੇ ਕੇ ਇਸ ਵਿਚੋਂ ਇਕ ਵਧੀਆ ਜੀਵਨ ਜਾਂਚ ਲੈਣ ਦੀ ਪ੍ਰੇਰਨਾ ਦਿੱਤੀ ਤੇ ਮਨੁੱਖ ਨੂੰ ਪੂਰਨ ਮਨੁੱਖ ਬਣਨ ਵਿਚ ਆਪਣੀ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪ੍ਰਮਾਤਮਾ ਨਹੀਂ ਸਮਝਣਾ। ਬਚਿੱਤਰ ਨਾਟਕ ਵਿਚ ਇਸ ਤਰ੍ਹਾਂ ਵਰਣਨ ਕਰਦੇ ਹਨ:

ਜੋ ਹਮ ਕੋ ਪ੍ਰਮੇਸਰ ਉਚਿਰ ਹੈ॥
ਤੇ ਸਭ ਨਰਕ ਕੁੰਡ ਮਹਿ ਪਰਿ ਹੈ॥
ਮੋ ਕੋ ਦਾਸ ਤਵਨ ਕਾ ਜਾਨੋ॥
ਯਾ ਮੈ ਭੇਦੁ ਨਾ ਰੰਚ ਪਛਾਣੋ॥

ਪ੍ਰਸਿੱਧ ਇਤਿਹਾਸਕਾਰ ਮੈਕਾਲਿਫ਼ ਅਨੁਸਾਰ: "ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਇਲਾਹੀ ਤਾਕਤ ਸੀ। ਉਹਨਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ਤੇ ਜਾਦੂਈ ਅਸਰ ਹੋਇਆ ਅਤੇ ਨਿਮਾਣੇ-ਨਿਤਾਣੇ ਤੇ ਸਾਹ-ਸੱਤ ਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।'' ਉਹਨਾਂ ਦਾ ਉਦੇਸ਼ ਜਾਂ ਨਿਸ਼ਾਨਾ ਕੋਈ ਆਪਣੀ ਨਿੱਜੀ ਗਰਜ਼ ਜਾਂ ਵੈਰ ਦੀ ਭਾਵਨਾ ਨਹੀਂ, ਬਲਕਿ ਅਕਾਲ ਪੁਰਖ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ 'ਬਚਿਤ੍ਰ ਨਾਟਕ' ਵਿਚ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

'ਜੋ ਨਿਜ ਪ੍ਰਭ ਮੋ ਸੋ
ਕਹਾ ਸੋ ਕਹਿਰੋ ਜਗ ਮਾਹਿ॥'

ਗੁਰੂ ਜੀ ਨੇ ਜੰਗਾਂ ਦੇ ਮੈਦਾਨ ਵਿਚ ਸਿਰਫ਼ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਸਗੋਂ ਧਰਮ ਦੀ ਰੱਖਿਆ ਲਈ ਆਪਣੇ ਚਾਰ ਪੁੱਤਰਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ। ਆਪ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ ਵਿਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤੇ ਗਏ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ ਵਿਚ ਵਿਆਕੁਲ ਹੋ ਕੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ ਤਾਂ ਗੁਰੂ ਜੀ ਨੇ ਬੇਮਿਸਾਲ ਉਤਰ ਦਿੱਤਾ। ਇਹੋ ਜਿਹਾ ਉੱਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। 'ਪੰਥ ਖਾਲਸਾ' ਵੱਲ ਸੰਕੇਤ ਕਰਦਿਆਂ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ:-

ਇਨ ਪੁਤਰਨ ਕੇ ਸੀਸ ਪੁਰ,
ਵਾਰ ਦੀਏ ਸੁਤ ਚਾਰ॥
ਚਾਰ ਮੋਏ ਤੇ ਕਿਆ ਹੂਆ,
ਜੀਵਤ ਕਈ ਹਜ਼ਾਰ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਆਨੰਦਮਈ ਜੀਵਨ ਵੀ ਬਿਤਾਇਆ, ਪਾਉਂਟਾ ਸਾਹਿਬ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਮਾਛੀਵਾੜੇ ਦੇ ਜੰਗਲਾਂ ਵਿਚ ਰਾਤਾਂ ਵੀ ਕੱਟੀਆਂ, ਚਾਰੇ ਪੁੱਤਰਾਂ ਤੇ ਆਪਣੇ ਪਿਤਾ ਜੀ ਨੂੰ ਸ਼ਹੀਦ ਹੁੰਦਿਆਂ ਵੀ ਦੇਖਿਆ, ਪਰ ਫਿਰ ਵੀ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਕੀਤੀ, ਸਗੋਂ ਜੇ ਕੀਤਾ ਤਾਂ ਪ੍ਰਮਾਤਮਾ ਦਾ ਸ਼ੁਕਰਾਨਾ ਜ਼ਰੂਰ ਕੀਤਾ:

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,
ਤੁਧ ਬਿਨ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰ ਪਿਆਲਾ,
ਭੱਠ ਖੇੜਿਆਂ ਦਾ ਰਹਿਣਾ॥

ਇਤਨਾ ਕੁਝ ਕੁਰਬਾਨ ਕਰ ਦੇਣ ਦੇ ਬਾਅਦ ਵੀ ਗੁਰੂ ਜੀ ਵਿਚ ਕੋਈ ਫਰਕ ਨਹੀਂ ਆਇਆ, ਸਗੋਂ ਉਹਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਪੈਦਾ ਕਰ ਦਿੱਤੇ, ਜਿਹਨਾਂ ਨੇ ਆਪਣਾ ਖੂਨ ਵਹਾਉਣ ਵਿਚ ਰਤਾ ਵੀ ਗੁਰੇਜ਼ ਨਹੀਂ ਕੀਤਾ, ਸਗੋਂ ਮੁਗ਼ਲਾਂ ਦੇ ਚਿਰ ਸਥਾਈ ਰਾਜ ਦੀਆ ਜੜ੍ਹਾਂ ਉਖੇੜ ਦਿੱਤੀਆਂ, ਇਕ ਮਹਾਨ ਇਤਿਹਾਸਕਾਰ ਡਾ: ਗੋਕਲ ਚੰਦ ਨਾਰੰਗ ਗੁਰੂ ਜੀ ਬਾਰੇ ਲਿਖਦੇ ਹਨ: "ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ਵਿਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁੱਲ ਹੋ ਜਾਂਦਾ।'' ਅੱਜ ਵੀ ਸਾਰੀ ਦੁਨੀਆਂ ਵਿਚ ਦਸਮੇਸ਼ ਪਿਤਾ ਦਾ 'ਪੰਥ' ਚੜ੍ਹਦੀ ਕਲਾ ਵਿਚ ਹੈ। ਇਸੇ ਤਰ੍ਹਾਂ ਮਸ਼ਹੂਰ ਸ਼ਾਇਰ ਅੱਲਾ ਯਾਰ ਖਾਂ ਜੋਗੀ ਵਰਗਾ ਸ਼ਾਇਰ ਗੁਰੂ ਸਾਹਿਬ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਦੱਸਦਾ ਹੋਇਆ ਲਿਖਦਾ ਹੈ; "ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ। ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ।''

ਜਿੱਥੇ ਗੁਰੂ ਜੀ ਇਕ ਮਹਾਨ ਸੰਤ-ਸਿਪਾਹੀ ਸਨ, ਉਥੇ ਨਾਲ ਹੀ ਉਹ ਸਾਹਿਤ ਰਚਨਾ ਦੇ ਵੀ ਚਾਨਣ ਮੁਨਾਰੇ ਸਨ। ਉਹਨਾਂ ਦੇ ਦਰਬਾਰ ਵਿਚ 52 ਸਾਹਿਤਕਾਰ ਸਨ ਜੋ ਰਾਤ ਦਿਨ ਇਕ ਸਮਾਜਿਕ ਕ੍ਰਾਂਤੀ ਲਿਆਉਣ ਲਈ ਸਾਹਿਤ ਰਚਨਾ ਕਰਦੇ ਰਹਿੰਦੇ ਸਨ।

ਗੁਰੂ ਜੀ ਨੇ ਜਿੱਥੇ ਆਪ ਸਾਹਿਤ ਰਚਨਾ ਕੀਤੀ, ਉਥੇ ਆਪਣੇ ਦਰਬਾਰੀ ਸਾਹਿਤ ਕਾਰਾਂ ਦੀਆਂ ਰਚਨਾਵਾਂ ਨੂੰ ਇਕ ਗ੍ਰੰਥ ਦੇ ਰੂਪ ਵਿਚ ਸੰਗ੍ਰਹਿ ਕਰਕੇ ਸੰਭਾਲਣ ਦਾ ਉਪਰਾਲਾ ਵੀ ਕੀਤਾ ਤੇ ਉਸ ਮਹਾਨ ਗ੍ਰੰਥ ਦਾ ਨਾਂ 'ਵਿਦਿਆ ਸਾਗਰ' ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨਾਂ ਦੇ ਕਥਨ ਅਨੁਸਾਰ ਨੌਂ ਮਣ ਦੇ ਕਰੀਬ ਸੀ, ਜੋ ਗੁਰੂ ਜੀ ਦੇ ਆਨੰਦਪੁਰ ਛੱਡਣ ਉਪਰੰਤ, ਸਰਸਾ ਨਦੀ ਪਾਰ ਕਰਦਿਆਂ, ਹੜ੍ਹ ਆਉਣ ਕਾਰਨ ਦਰਿਆ ਵਿਚ ਰੁੜ੍ਹ ਗਿਆ। ਇਹ ਪੰਜਾਬੀ ਸਾਹਿਤ ਜਗਤ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਹ ਪੰਜਾਬੀ ਸਾਹਿਤ ਦਾ ਗੁਰੂ ਜੀ ਦੇ ਸਮੇਂ ਦਾ ਇਕ ਅਮੀਰ ਸਾਹਿਤਕ ਖ਼ਜ਼ਾਨਾ ਸੀ। ਗੁਰੂ ਜੀ ਦੀਆ ਕੁਝ ਪ੍ਰਸਿੱਧ ਰਚਨਾਵਾਂ ਇਸ ਪ੍ਰਕਾਰ ਹਨ, ਪੰਜਾਬੀ ਵਿਚ 'ਚੰਡੀ ਦੀ ਵਾਰ' ਜੋ ਸਿੰਘਾਂ ਨੂੰ ਜੰਗਾਂ-ਯੁੱਧਾਂ ਲਈ ਤਿਆਰ ਕਰਨ ਲਈ ਢਾਡੀਆਂ ਦੁਆਰਾ ਗਾ ਕੇ ਸੁਣਾਈ ਜਾਂਦੀ ਸੀ। ਪੰਜਾਬੀ ਵਿਚ ਇਕੋ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਹੈ। 'ਜ਼ਫਰਨਾਮਾ' ਜੋ ਔਰੰਗਜ਼ੇਬ ਵੱਲ ਇਕ ਪੱਤਰ ਦੇ ਰੂਪ ਵਿਚ ਫਾਰਸੀ ਭਾਸ਼ਾ ਦੀ ਇਕ ਮਹਾਨ ਕਲਾ ਕ੍ਰਿਤ ਹੈ।

'ਬਚਿਤ੍ਰ ਨਾਟਕ' ਗੁਰੂ ਜੀ ਦੀ ਸਵੈ-ਜੀਵਨੀ ਦੇ ਰੂਪ ਵਿਚ ਹੈ। ਦੁਨੀਆਂ ਦੇ ਇਤਿਹਾਸ ਵਿਚ ਸਿਰਫ ਗੁਰੂ ਗੋਬਿੰਦ ਸਿੰਘ ਜੀ ਹੀ ਇਕ ਅਜਿਹੀ ਧਰਮ-ਗੁਰੂ ਸ਼ਖਸੀਅਤ ਹਨ, ਜਿਹਨਾਂ ਨੇ ਆਪਣੀ ਸਵੈ-ਜੀਵਨੀ ਲਿਖੀ ਹੈ। ਇਸ ਵਿਚ ਉਹਨਾਂ ਦੀ 32 ਸਾਲ ਦੀ ਉਮਰ ਤੱਕ ਦੇ ਜੀਵਨ-ਸਮਾਚਾਰ ਦਰਜ ਹਨ। ਇਹਨਾਂ ਰਚਨਾਵਾਂ ਤੋਂ ਇਲਾਵਾ ਗੁਰੂ ਜੀ ਦੀਆਂ ਹੋਰ ਵੀ ਕਈ ਸਾਹਿਤਕ ਰਚਨਾਵਾਂ ਹਨ। ਗੁਰੂ ਜੀ ਦਾ ਵਿਚਾਰ ਸੀ ਕਿ ਸਾਹਿਤ ਰਚਨਾ ਹੀ ਦੇਸ਼ ਵਿਚ ਤੇ ਮਨੁੱਖ ਵਿਚ ਕ੍ਰਾਂਤੀ ਦੀ ਭਾਵਨਾ ਪੈਦਾ ਕਰ ਸਕਦੀ ਹੈ।

ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ 14 ਲੜਾਈਆਂ ਲੜੀਆਂ ਹਨ। ਇਹ ਜੰਗਾਂ ਉਹਨਾਂ ਨੇ ਜ਼ਮੀਨ ਤੇ ਕਬਜ਼ਾ ਕਰਨ ਜਾਂ ਆਪਣੀ ਬਾਦਸ਼ਾਹਤ ਕਾਇਮ ਕਰਨ ਲਈ ਨਹੀਂ ਲੜੀਆਂ, ਸਗੋਂ ਇਹ ਜੰਗਾਂ ਮਜ਼ਲੂਮਾਂ ਦੀ ਰਾਖੀ ਲਈ, ਉਹਨਾਂ ਤੇ ਹੋ ਰਹੇ ਜ਼ੁਲਮਾਂ ਦੇ ਖ਼ਾਤਮੇ ਲਈ ਲੜੀਆਂ।

ਉਹ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਮਨ ਨੂੰ ਲੋਕ ਹਿੱਤ ਵਿਚ ਲਗਾਵੇ। ਐਸੇ ਯੁੱਧਾਂ ਨੂੰ ਉਹ ਸਜਦਾ ਕਰਦੇ ਹਨ: 'ਨਮੋ ਜੁੱਧ ਜਦੋ'। ਔਰੰਗਜ਼ੇਬ ਨੂੰ ਉਹ 'ਜ਼ਫਰਨਾਮੇ' ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:

'ਚੂੰਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੂਰਦਨ ਬ ਸ਼ਮਸ਼ੀਰ ਦਸਤ॥

ਗੁਰੂ ਜੀ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਵੀ ਲਈ। ਜਿਹਨਾਂ ਨੇ ਅੰਮ੍ਰਿਤ ਦੀ ਘੁੱਟ ਪੀਤੀ, ਉਹ ਸ਼ੇਰ ਬਣ ਗਏ ਤੇ ਚਿੜੀਆਂ ਤੋਂ ਬਾਜ ਤੁੜਵਾਉਣ ਲਈ ਭਾਵ ਕਮਜ਼ੋਰ ਤੇ ਸ਼ੋਸ਼ਿਤ ਵਰਗ ਤੋਂ ਜ਼ਾਲਮ ਦਾ ਘਾਣ ਕਰਾਉਣ ਲਈ ਤਿਆਰ-ਬਰ-ਤਿਆਰ ਹੋ ਗਏ:

ਚਿੜੀਓਂ ਸੇ ਮੈਂ ਬਾਜ ਤੁੜਾਊ॥
ਤਬੈ ਗੋਬਿੰਦ ਸਿੰਘ ਨਾਮ ਕਹਾਊ॥


ਆਓ! ਗੁਰੂ ਜੀ ਦੇ ਜਨਮ ਦਿਨ ਤੇ ਕਸਮ ਖਾਈਏ ਕਿ ਅਸੀਂ ਗੁਰੂ ਜੀ ਦੇ ਦਿੱਤੇ ਗਏ 'ਸਮਾਜਿਕ ਬਰਾ-ਬਰੀ' ਦੇ ਸਿਧਾਂਤ ਉਤੇ ਚੱਲਣ ਲਈ ਪਹਿਰਾ ਦਿਆਂਗੇ, ਜਾਤ-ਪਾਤ ਦੇ ਕੋਹੜ ਨੂੰ ਸਿਰੇ ਤੋਂ ਨਿਕਾਰਾਂਗੇ, ਗੁਰੂ ਸਾਹਿਬ ਦੇ 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਵੋ' ਦੇ ਸਿਧਾਂਤ ਨੂੰ ਮਾਨਵਤਾ ਵਿਚ ਪਿਆਰ ਪੈਦਾ ਕਰਨ ਲਈ, ਅਮਲੀ ਜਾਮਾ ਪਹਿਨਾਵਾਂਗੇ। ਸਮਾਜ ਵਿਚ ਕਮਜ਼ੋਰ ਤੇ ਗਰੀਬ ਆਦਮੀਆਂ ਤੇ ਹੋ ਰਹੇ ਧੱਕੇ ਅਤੇ ਜ਼ੁਲਮ ਦਾ ਲੋਕਰਾਜੀ ਕਦਰਾਂ ਕੀਮਤਾਂ ਨਾਲ ਟਾਕਰਾ ਕਰਾਂਗੇ।


ਸਮਾਜ ਵਿਚ ਵੱਧ ਰਹੇ ਵਰਗਵਾਦ ਦੇ ਕੋਹੜ ਨੂੰ ਮਿਟਾਵਾਂਗੇ। ਗੁਰੂ ਸਾਹਿਬਾਨ ਦੇ ਅੰਤਰ ਰਾਸ਼ਟਰੀ ਨਾਅਰੇ 'ਸਰਬੱਤ ਦਾ ਭਲਾ' ਨੂੰ ਅੰਤਰ ਰਾਸ਼ਟਰਵਾਦ ਦਾ ਰੂਪ ਦਿਆਂਗੇ।

ਔਰਤ ਨੂੰ ਸਮਾਜ ਵਿਚ ਇੱਜ਼ਤ ਤੇ ਬਰਾਬਰੀ ਦਾ ਹੱਕ ਦਿਆਂਗੇ। ਆਪਣੇ ਮਾਨਵੀ ਅਧਿਕਾਰਾਂ ਤੇ ਆਪਣੇ ਕਰਤੱਵਾਂ ਨੂੰ ਪਛਾਣਦੇ ਹੋਏ ਮਾਨਵ ਹਿੱਤ ਲਈ ਵਰਤਾਂਗੇ। ਗੁਰੂ ਜੀ ਦੇ ਦਿਖਾਏ ਸੱਚੇ ਮਾਰਗ ਤੇ ਚੱਲਦਿਆਂ ਮਾਨਵਤਾ ਦੀ ਸੇਵਾ ਕਰਾਂਗੇ।

ਇਨ੍ਹਾਂ ਉਕਤ ਅਮਲਾਂ ਨਾਲ ਹੀ ਗੁਰੂ ਸਾਹਿਬਾਨ ਵੱਲੋਂ ਸਿਰਜਿਆ ਗਿਆ ਵਧੀਆ ਮਾਨਵ ਬਣਨ ਦਾ ਸੰਦੇਸ਼ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਵਾਂਗੇ। ਮੇਰੇ ਵੱਲੋਂ ਭਾਰਤ ਦੀ ਮਹਾਨ ਸ਼ਖਸੀਅਤ 'ਦਸਮ ਪਾਤਸ਼ਾਹ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੀ ਸਮੁੱਚੀ ਲੁਕਾਈ ਨੂੰ ਲੱਖ-ਲੱਖ ਵਧਾਈ ਹੋਵੇ।

# ਮਲਿੰਦ ਪ੍ਰਕਾਸ਼ਨ- ਇਕ ਜਾਣਕਾਰੀ




ਪੁਸਤਕਾਂ ਕਿਉਂ ਪੜ੍ਹਨੀਆਂ ਚਾਹੀਦੀਆਂ ਹਨ? ਪੁਸਤਕਾਂ ਮਨੁੱਖੀ ਜੀਵਨ 'ਚ ਕੀ ਰੋਲ ਅਦਾ ਕਰਦੀਆਂ ਹਨ? ਮਲਿੰਦ ਪ੍ਰਕਾਸ਼ਨ, ਇਸ ਦਿਸ਼ਾ 'ਚ ਕੀ ਯੋਗਦਾਨ ਪਾ ਰਿਹਾ ਹੈ? ਕੁਝ ਅਜਿਹੇ ਨੁਕਤੇ ਹਨ, ਜੋ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦੇ ਹਾਂ। ਸਭ ਤੋਂ ਪਹਿਲਾਂ ਵਿਦਵਾਨਾਂ ਦੀ ਪੁਸਤਕਾਂ ਬਾਰੇ ਕੀ ਰਾਏ ਹੈ? ਇਹ ਜਾਣ ਲੈਣਾ ਚਾਹੀਦਾ ਹੈ।

ਡਾ. ਅੰਬੇਦਕਰ ਨੇ ਕਿਹਾ ਸੀ ਕਿ ਭਾਰਤ ਦੇ ਲੋਕ ਪੁਸਤਕਾਂ ਨਾਲ ਪਿਆਰ ਨਹੀਂ ਕਰਦੇ ਜਦਕਿ ਅਮਰੀਕਾ ਅਤੇ ਯੂਰਪ ਦੇ ਲੋਕ ਪੁਸਤਕਾਂ ਨੂੰ ਬਹੁਤ ਪ੍ਰੇਮ ਕਰਦੇ ਹਨ। ਹਰ ਆਦਮੀ ਦੀ ਆਪਣੀ ਨਿੱਜੀ ਲਾਇਬ੍ਰੇਰੀ ਹੁੰਦੀ ਹੈ। ਇਹੀ ਕਾਰਨ ਹੈ ਕਿ ਸਾਡੇ ਦੇਸ਼ ਦਾ ਬੌਧਿਕ ਵਿਕਾਸ ਘੱਟ ਹੈ। ਇਕ ਸਮੇਂ ਬਾਬਾ ਸਾਹਿਬ ਨੇ ਇਹ ਵੀ ਕਿਹਾ ਸੀ ਕਿ ਉਹ ਵੀ ਕੋਈ ਘਰ ਹੈ, ਜਿਸ ਵਿਚ ਪੁਸਤਕਾਂ ਨਹੀਂ। ਮੇਰੇ ਕੋਲ ਕਿਤਾਬਾਂ ਏਨੀਆਂ ਹੋ ਗਈਆਂ ਹਨ ਕਿ ਰੱਖਣ ਲਈ ਥਾਂ ਨਹੀਂ। ਇਸ ਵੇਲੇ ਮੇਰੇ ਕੋਲ 45000 ਕਿਤਾਬਾਂ ਹਨ। ਮੈਂ ਬੜਾ ਗਰੀਬ ਹਾਂ। ਮੈਂ ਜੀਵਨ 'ਚ ਏਨਾ ਧੰਨ ਵੀ ਨਹੀਂ ਬਚਾ ਸਕਿਆ, ਜਿਸ ਨਾਲ ਮੈਂ ਇਕ ਸਾਲ ਗੁਜਾਰਾ ਕਰ ਸਕਾਂ। ਮੈਨੂੰ ਬੁਢਾਪੇ ਦੀ ਬੜੀ ਚਿੰਤਾ ਹੈ। ਮੇਰੇ ਕੋਲ ਜੋ ਧੰਨ ਹੈ, ਮੇਰੀਆਂ ਪੁਸਤਕਾਂ ਹੀ ਹਨ। ਬਾਬਾ ਸਾਹਿਬ ਡਾ. ਅੰਬੇਦਕਰ ਨੂੰ ਦੁੱਖ ਇਸ ਗੱਲ ਦਾ ਸੀ ਕਿ ਸਾਡੇ ਲੋਕ ਅਧਿਐਨ ਨਹੀਂ ਕਰਦੇ। ਅਧਿਐਨ ਬਿਨਾਂ ਗਿਆਨ ਅਤੇ ਗਿਆਨ ਬਿਨਾਂ ਸ਼ਕਤੀ ਨਹੀਂ ਆ ਸਕਦੀ। ਕਿਸੇ ਨਾਲ ਵਾਦ-ਵਿਵਾਦ ਤੋਂ ਪਹਿਲਾਂ ਆਪਣੇ ਆਪ ਨੂੰ ਸਮਰੱਥ ਬਣਾਓ।



-ਹਰਮੇਸ਼ ਜੱਸਲ
94644-83080

ਇਕ ਵਾਰ ਕਿਸੇ ਸ਼ਰਧਾਲੂ ਨੇ ਕਿਹਾ ਕਿ ਬਾਬਾ ਸਾਹਿਬ! ਜੋ ਵੀ ਤੁਸੀਂ ਕਰ ਦਿਖਾਇਆ ਹੈ ਅਤੇ ਜੋ ਕਰ ਰਹੇ ਹੋ, ਉਸ ਤੋਂ ਲੱਗਦਾ ਹੈ ਕਿ ਤੁਹਾਡੇ ਪਿੱਛੇ ਕੋਈ ਦੈਵੀ ਸ਼ਕਤੀ ਹੈ। ਇਹ ਸਭ ਮਨੁੱਖੀ ਸ਼ਕਤੀ ਤੋਂ ਬਾਹਰ ਹੈ। ਬਾਬਾ ਸਾਹਿਬ ਨੇ ਇਸ ਦਾ ਜਵਾਬ ਦਿੰਦੇ ਹੋਏ ਕਿਹਾ- ਅਜਿਹਾ ਬਿਲਕੁਲ ਨਹੀਂ! ਇਹ ਸੱਚ ਨਹੀਂ ਹੈ। ਮੈਂ ਜੋ ਕੁਝ ਵੀ ਕਰ ਸਕਿਆ ਹਾਂ, ਉਹ ਮੇਰੀ ਮਿਹਨਤ ਦਾ ਨਤੀਜਾ ਹੈ। ਇਸ ਤੋਂ ਇਲਾਵਾ ਹੋਰ ਕੁਝ ਨਹੀਂ। ਮੈਂ ਦੈਵੀ ਸ਼ਕਤੀ 'ਚ ਵਿਸ਼ਵਾਸ ਨਹੀਂ ਕਰਦਾ ਅਤੇ ਮੈਨੂੰ ਵਿਸ਼ਵਾਸ ਹੈ ਕਿ ਜੋ ਵੀ ਮਿਹਨਤ ਕਰੇਗਾ, ਸਧਾਰਨ ਲੋਕਾਂ ਨਾਲੋਂ ਉਪਰ ਉਠੇਗਾ। ਇਹ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ। ਲੋਕ ਮੈਨੂੰ ਅਦਭੁੱਤ ਬੁੱਧੀ ਕਾਰਨ ਮਾਣ ਦਿੰਦੇ ਹਨ। ਮੇਰੀ ਅਦਭੁਤ ਬੁੱਧੀ ਸਿਰਫ ਇਸ 'ਚ ਹੈ ਕਿ ਜਦ ਮੈਂ ਇਕ ਵਿਸ਼ੇ ਨੂੰ ਆਪਣੇ ਹੱਥ 'ਚ ਲੈਂਦਾ ਹਾਂ, ਮੈਂ ਉਸਦਾ ਗੰਭੀਰਤਾ ਪੂਰਵਕ ਬਹੁਤ ਬਰੀਕੀ ਨਾਲ ਅਧਿਐਨ ਕਰਦਾ ਹਾਂ। ਉਹ ਹਰ ਪਲ ਮੇਰੇ ਸਾਹਮਣੇ ਹੁੰਦਾ ਹੈ। ਮੈਂ ਉਸਦਾ ਹਰ ਢੰਗ ਨਾਲ ਵਿਸ਼ਲੇਸ਼ਣ ਕਰਦਾ ਹਾਂ। ਮੇਰਾ ਮਨ ਉਸ 'ਚ ਖੁੱਭ ਜਾਂਦਾ ਹੈ। ਫਿਰ ਮੈਂ ਜੋ ਕੋਸ਼ਿਸ਼ ਅਤੇ ਮਿਹਨਤ ਉਸ 'ਚ ਲਾਉਂਦਾ ਹਾਂ, ਉਸਦੇ ਨਤੀਜੇ ਨੂੰ ਲੋਕ ਮੇਰੀ ਅਦਭੁਤ ਬੁੱਧੀ ਦਾ ਫਲ ਮੰਨਦੇ ਹਨ। ਇਹ ਤਾਂ ਸਿਰਫ ਮੇਰੀ ਮਿਹਨਤ ਅਤੇ ਵਿਚਾਰ ਸ਼ਕਤੀ ਦਾ ਫਲ ਹੈ। ਪੁਸਤਕ ਪ੍ਰੇਮ ਬਾਰੇ ਹੋਰ ਵਿਦਵਾਨਾਂ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਸੀ:

ਬਰਨਾਰਡ ਸ਼ਾਅ: ਵਿਚਾਰਾਂ ਦੀ ਲੜਾਈ 'ਚ ਪੁਸਤਕਾਂ ਹੀ ਹਥਿਆਰ ਹਨ।

ਪ੍ਰਸਿਟਨ ਫਿਲਰਸ: ਪੁਰਾਣੇ ਕੱਪੜੇ ਪਹਿਨ ਕੇ ਵੀ ਨਵੀਆਂ ਪੁਸਤਕਾਂ ਖਰੀਦੋ।

ਈ. ਪੀ. ਵਿਪਲ: ਪੁਸਤਕਾਂ ਚਾਨਣ ਮੁਨਾਰੇ ਹਨ ਜੋ ਸਮੇਂ ਦੇ ਵਿਸ਼ਾਲ ਸਮੁੰਦਰ 'ਚ ਉਸਾਰੇ ਗਏ ਹਨ।

ਗਿਬਨ: ਪੁਸਤਕਾਂ ਉਹ ਵਫ਼ਾਦਾਰ ਸ਼ੀਸ਼ਾ ਹਨ ਜੋ ਮਹਾਂਪੁਰਸ਼ਾਂ ਅਤੇ ਸੂਰਵੀਰਾਂ ਦੇ ਦਿਮਾਗ ਦਾ ਅਕਸ ਸਾਡੇ ਦਿਮਾਗ ਉਪਰ ਪਾਉਂਦੀਆਂ ਹਨ।

ਤਿਲਕ: ਮੈਂ ਨਰਕ 'ਚ ਵੀ ਵਧੀਆ ਪੁਸਤਕਾਂ ਦਾ ਸਵਾਗਤ ਕਰੂੰਗਾ ਕਿਉਂਕਿ ਇਨ੍ਹਾਂ 'ਚ ਉਹ ਸ਼ਕਤੀ ਹੈ ਕਿ ਜਿੱਥੇ ਇਹ ਹੋਣਗੀਆਂ ਉਥੇ ਆਪਣੇ ਆਪ ਹੀ ਸਵਰਗ ਬਣ ਜਾਵੇਗਾ।

ਗਾਂਧੀ (ਐਮ. ਕੇ.): ਵਧੀਆ ਕਿਤਾਬਾਂ ਕੋਲ ਹੋਣ ਤਾਂ ਚੰਗੇ ਦੋਸਤਾਂ ਦੀ ਘਾਟ ਮਹਿਸੂਸ ਨਹੀਂ ਹੁੰਦੀ। ਜਿੰਨਾ ਹੀ ਮੈਂ ਪੁਸਤਕਾਂ ਦਾ ਅਧਿਐਨ ਕਰਦਾ ਗਿਆ, ਉਨੀ ਹੀ ਜ਼ਿਆਦਾ, ਉਹਨਾਂ ਦੀ ਵਿਸ਼ੇਸ਼ਤਾ ਮਹਿਸੂਸ ਹੁੰਦੀ ਗਈ।

ਤ੍ਰਿਪਾਠੀ (ਆਰ. ਪੀ.): ਪੁਸਤਕਾਂ ਜਾਗ੍ਰਿਤ ਦੇਵਤਾ ਹਨ, ਉਹਨਾਂ ਦੀ ਸੇਵਾ ਕਰਕੇ ਤੱਤਕਾਲ ਵਰਦਾਨ ਪ੍ਰਾਪਤ ਕੀਤਾ ਜਾ ਸਕਦਾ ਹੈ।

ਉਪਰੋਕਤ ਵਿਚਾਰਾਂ ਨੂੰ ਮੁੱਖ ਰੱਖ ਕੇ ਮਲਿੰਦ ਪ੍ਰਕਾਸ਼ਨ ਨੇ ਅੰਬੇਦਕਰੀ ਵਿਚਾਰਧਾਰਾ ਅਤੇ ਲੋਕ ਪੱਖੀ ਸਾਹਿਤ ਨੂੰ ਛਾਪ ਕੇ ਲੋਕਾਂ ਤੱਕ ਪਹੁੰਚਾਉਣ ਦਾ ਬੀੜਾ ਚੁੱਕਿਆ ਹੈ ਤਾਂ ਕਿ ਲੋਕਾਂ ਦਾ ਬੌਧਿਕ ਵਿਕਾਸ ਪ੍ਰਫੁੱਲਿਤ ਹੋ ਸਕੇ।

ਮਲਿੰਦ ਪ੍ਰਕਾਸ਼ਨ ਦੀ ਸ਼ੁਰੂਆਤ ਇਤਿਹਾਸਕ ਬੋਧੀ ਕੇਂਦਰ 'ਸੰਘੋਲ' ਦੀ ਖੁਦਾਈ 'ਚੋਂ ਮਿਲੇ ਅਵਸ਼ੇਸ਼ਾਂ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਣ ਦੀ ਮਨਸ਼ਾ ਨਾਲ ਹੋਈ ਸੀ। ਉਦੇਸ਼ ਇਹ ਸੀ ਕਿ ਇਸ ਇਤਿਹਾਸਕ ਥਾਂ ਦੀ ਲੋਕਾਂ ਨੂੰ ਜਾਣਕਾਰੀ ਕਰਾਈ ਜਾਵੇ ਤਾਂ ਕਿ ਲੋਕ ਬੋਧੀ ਵਿਰਸੇ ਨੂੰ ਦੇਖਣ ਆਉਣ। 8 ਸਫ਼ੇ ਦਾ ਇਕ ਛੋਟਾ ਜਿਹਾ ਲੇਖ ਲਿਖ ਕੇ ਛਪਵਾਇਆ ਗਿਆ ਅਤੇ ਉਸ ਦੀਆਂ 2000 ਕਾਪੀਆਂ, ਇਕ ਰੁਪੈ ਦਾ ਡਾਕ ਟਿਕਟ ਲਾ ਕੇ, ਬੁੱਕ ਪੋਸਟ ਰਾਹੀਂ, ਹਫ਼ਤਾਵਾਰ 'ਕਿਰਤੀ' ਦੇ ਪਾਠਕਾਂ ਨੂੰ ਪੂਰੇ ਪੰਜਾਬ 'ਚ ਮੁਫ਼ਤ ਭੇਜਿਆ ਗਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਅੱਜ ਲੋਕ ਉਥੇ ਯਾਤਰਾ ਕਰਨ ਜਾਂਦੇ ਹਨ, ਦੀਕਸ਼ਾ ਲਈ ਜਾਂਦੀ ਹੈ, ਬੁੱਧ ਪੂਰਨਿਮਾ ਵੀ ਮਨਾਈ ਜਾਂਦੀ ਹੈ।

ਦੂਜੀ ਪੁਸਤਕ ਜੋ 'ਮਲਿੰਦ ਪ੍ਰਕਾਸ਼ਨ' ਵੱਲੋਂ ਛਾਪੀ ਗਈ, ਉਹ ਸੀ -'ਬਹੁਪੱਖੀ ਨਾਇਕ ਡਾ. ਅੰਬੇਦਕਰ' ਜਿਸ 'ਚ ਮੇਰੇ 1981 ਤੋਂ ਲੈ ਕੇ 1999 ਤੱਕ 'ਅੰਬੇਦਕਰ' ਬਾਰੇ ਅਖ਼ਬਾਰਾਂ ਜੱਗਬਾਣੀ, ਅਕਾਲੀ ਪੱਤ੍ਰਿਕਾ, ਨਵਾਂ ਜ਼ਮਾਨਾ, ਖਿਦਮਤ, ਰੋਸ਼ਨੀ, ਕਿਰਤੀ, ਸ਼ੀਰਾਜਾ, ਅੱਜ ਦੀ ਆਵਾਜ਼ ਅਤੇ ਰੇਡੀਓ ਕਸ਼ਮੀਰ ਤੋਂ 'ਅੰਕੁਰ' ਪ੍ਰੋਗਰਾਮ 'ਚ ਪ੍ਰਸਾਰਿਤ ਵਾਰਤਾਵਾਂ ਦਰਜ ਹਨ। ਅਸਲ 'ਚ ਇਸਨੂੰ ਹੀ 'ਮਲਿੰਦ ਪ੍ਰਕਾਸ਼ਨ' ਦੀ ਪਹਿਲੀ ਪੁਸਤਕ ਕਿਹਾ ਜਾ ਸਕਦਾ ਹੈ ਕਿਉਂਕਿ ਇਸ 'ਚ ਮਲਿੰਦ ਪ੍ਰਕਾਸ਼ਨ ਦੀ ਨੀਤੀ ਨੂੰ ਸਪਸ਼ਟ ਕਰਦੇ ਹੋਏ ਲਿਖਿਆ ਹੈ- 'ਸਾਹਿਤ ਕਿਸੇ ਕੌਮ ਦੇ ਨਿਰਮਾਣ 'ਚ ਅਹਿਮ ਭੂਮਿਕਾ ਅਦਾ ਕਰਦਾ ਹੈ ਜੇ ਇਹ ਮਾਨਵਤਾਵਾਦੀ, ਵਿਗਿਆਨਕ ਅਤੇ ਉਸਾਰੂ ਹੋਵੇ। ਸਸਤਾ ਤੇ ਪ੍ਰਮਾਣਿਕ ਸਾਹਿਤ ਲੋਕਾਂ ਤੱਕ ਪਹੁੰਚਾਉਣਾ ਸ਼ੁਭ ਕਰਮ ਹੈ। ਇਹ ਪੁਸਤਕ ਇਸੇ ਲੜੀ ਦਾ ਪਹਿਲਾ ਉਦਮ ਹੈ।'

ਤੀਜੀ ਪੁਸਤਕ ਮਹਾਂਮਾਨਵ ਬੁੱਧ ਅਤੇ ਉਨ੍ਹਾਂ ਦੇ ਸਿਧਾਂਤਾਂ ਬਾਰੇ ਹੈ। 48 ਸਫ਼ਿਆਂ ਦੀ ਇਸ ਪੁਸਤਕ 'ਚ ਬੁੱਧ ਧੱਮ ਬਾਰੇ ਰੋਜ਼ਾਨਾ ਅਖ਼ਬਾਰਾਂ 'ਚ ਛਪੇ ਲੇਖਾਂ ਤੋਂ ਇਲਾਵਾ ਹੋਰ ਲੇਖ ਜੋੜ ਕੇ 'ਸਿਧਾਰਥ ਤੋਂ ਬੁੱਧ ਹੋਣ ਤੱਕ' ਛਾਪੀ ਗਈ। ਚੌਥੀ ਮਹੱਤਵਪੂਰਨ ਪੁਸਤਕ 'ਪ੍ਰੀਤਮ-ਕਾਵਿ' ਹੈ ਜਿਸ 'ਚ ਉਰਦੂ-ਫਾਰਸੀ ਦੇ ਪ੍ਰਸਿੱਧ ਕਵੀ, ਰਿਪਬਲਿਕਨ ਪਾਰਟੀ ਦੇ ਸੱਤਿਆਗ੍ਰਹੀ, ਬਾਬਾ ਸਾਹਿਬ ਡਾ. ਅੰਬੇਦਕਰ ਦੇ ਪਰਮ-ਸ਼ਰਧਾਲੂ, 'ਪ੍ਰੀਤਮ ਰਾਮਦਾਸਪੁਰੀ' ਦੀ ਸੰਪੂਰਨ ਕਵਿਤਾ ਅਤੇ ਉਹਨਾਂ ਦੀ ਸ਼ਖ਼ਸੀਅਤ ਬਾਰੇ ਕੁਝ ਲੇਖ ਦਰਜ ਹਨ। ਇਸ ਪੁਸਤਕ ਵਿਚ ਅੰਬੇਦਕਰੀ ਫਲਸਫ਼ੇ ਨੂੰ ਐਨੇ ਪ੍ਰਮਾਣਿਕ ਅਤੇ ਡੂੰਘੇ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਸ਼ਾਇਦ ਹੀ ਕਿਧਰੇ ਹੋਰ ਮਿਲੇ। ਅਸਲੀ ਸੱਚ ਦਾ ਨਿਤਾਰਾ ਪੁਸਤਕ ਪੜ੍ਹਨ ਤੋਂ ਬਾਅਦ ਹੀ ਹੁੰਦਾ ਹੈ ਪਰ ਪਾਠਕਾਂ ਦੀ ਨਜ਼ਰ, ਇਸੇ ਪੁਸਤਕ 'ਚੋਂ ਇਕ ਸ਼ੇਅਰ ਦਰਜ ਕਰ ਰਿਹਾ ਹਾਂ:

ਜਿਨ੍ਹਾਂ ਹੱਥਾਂ 'ਚ ਦਰਮਟ ਹੈ, ਜਿਨ੍ਹਾਂ ਹੱਥਾਂ 'ਚ ਕਹੀਆਂ ਨੇ।
ਜਿਨ੍ਹਾਂ ਹੱਥਾਂ 'ਚ ਹੱਥਕੜੀਆਂ, ਬਿਨਾਂ ਦੋਸ਼ਾਂ ਦੇ ਪਈਆਂ ਨੇ।
ਉਨ੍ਹੀਂ ਹੱਥੀਂ ਬਗਾਵਤ ਦਾ, ਧਵੱਜ ਲਹਿਰਾ ਕੇ ਦੇਖਾਂਗੇ।

ਇਹ ਪੁਸਤਕ ਪਾਠਕਾਂ ਉਪਰ ਆਪਣਾ ਪ੍ਰਭਾਵ ਜ਼ਰੂਰ ਛੱਡਦੀ ਹੈ। ਇਨ੍ਹਾਂ ਹੀ ਦਿਨਾਂ ਵਿਚ ਪੰਜਵੀਂ ਪੁਸਤਕ, ਮੈਂ ਆਪਣੇ ਸਾਥੀ ਚਾਨਣ ਚਾਹਲ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ 'ਤਕਸ਼ਿਲਾ ਮਹਾਂ ਬੁੱਧ ਵਿਹਾਰ' ਕਾਦੀਆਂ ਨੂੰ ਹਰਮਨ ਪਿਆਰਾ ਕਰਨ ਲਈ 'ਬਹੁਗੁਣੀ ਸ਼ਖ਼ਸੀਅਤ: ਚਾਨਣ ਚਾਹਲ' ਛਪਵਾ ਕੇ ਮੁਫ਼ਤ ਵੰਡੀ ਗਈ।

ਛੇਵੀਂ ਪੁਸਤਕ ਸਾਡੇ ਬਜ਼ੁਰਗਵਾਰ ਸ੍ਰੀ ਰਤਨ ਲਾਲ ਸਾਂਪਲਾ ਜੀ ਦੀ ਸ਼ਖ਼ਸੀਅਤ ਬਾਰੇ ਹੈ, ਜੋ ਅੰਬੇਦਕਰ ਮਿਸ਼ਨ ਨੂੰ ਸਮਰਪਿਤ ਹਨ: 'ਕੱਲਰ ਦਾ ਕੰਵਲ: ਰਤਨ ਲਾਲ ਸਾਂਪਲਾ' ਛਪਵਾਈ। ਜਿਸ ਵਿਚ ਉਹਨਾਂ ਦੀ ਸੰਖੇਪ ਜੀਵਨੀ ਅਤੇ ਕਾਰਗੁਜ਼ਾਰੀ ਦਾ ਵੇਰਵਾ ਹੈ।

ਸੰਨ 2009 ਵਿਚ ਜਦੋਂ ਮੈਂ 'ਚਾਨਣ ਚਾਹਲ' ਦੇ ਅੰਤਿਮ ਸੰਸਕਾਰ ਉਪਰ ਯੂ. ਕੇ. ਗਿਆ ਤਾਂ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਨਿਰਮਲਾ ਚਾਹਲ ਨਾਲ 'ਚਾਹਲ' ਜੀ ਦੀਆਂ ਅਣਪ੍ਰਕਾਸ਼ਿਤ ਲਿਖਤਾਂ ਛਾਪਣ ਦੀ ਯੋਜਨਾ ਬਣਾਈ ਗਈ। ਭਾਰਤ ਆ ਕੇ ਮੈਂ 'ਮਲਿੰਦ ਪ੍ਰਕਾਸ਼ਨ' ਵੱਲੋਂ ਉਹਨਾਂ ਦਾ ਰਚਿਤ ਸਾਹਿਤ Chanan Chahal Writings and Speeches ਸਿਰਲੇਖ ਹੇਠ ਛਾਪਣਾ ਸ਼ੁਰੂ ਕਰ ਦਿੱਤਾ। ਹੁਣ ਤੱਕ ਉਹਨਾਂ ਦੀਆਂ ਦੋ ਪੁਸਤਕਾਂ ਯਥ। Ambedkar and Social Reform and Caste the Curse of India ਛਾਪੀਆਂ। ਇਹ ਸਿਲਸਿਲਾ ਅਜੇ ਜਾਰੀ ਹੈ।

ਮਲਿੰਦ ਪ੍ਰਕਾਸ਼ਨ ਦੀ ਨੌਵੀਂ ਪੁਸਤਕ 'ਸਾਡਾ ਪ੍ਰਣਾਮ' ਧਰਮ ਚੰਦ ਮਹੇ ਦੀ ਅੰਬੇਦਕਰਵਾਦੀ ਕਵਿਤਾ ਹੈ, ਜੋ 25 ਮਈ, 2013 ਨੂੰ ਬੁੱਧ ਪੂਰਨਿਮਾ ਉਪਰ ਜਾਰੀ ਕੀਤੀ ਗਈ। ਇਸ ਪੁਸਤਕ 'ਚ ਜਿੱਥੇ ਸਰਲ ਭਾਸ਼ਾ 'ਚ ਅੰਬੇਦਕਰ ਅਤੇ ਬੁੱਧ ਦੇ ਸਿਧਾਂਤਾਂ ਦਾ ਵਰਣਨ ਹੈ, ਉਥੇ ਮਲਿੰਦ ਪ੍ਰਕਾਸ਼ਨ ਵੱਲੋਂ ਭਵਿੱਖ 'ਚ ਛਾਪੀਆਂ ਜਾਣ ਵਾਲੀਆਂ ਪੁਸਤਕਾਂ ਦਾ ਵੇਰਵਾ ਵੀ ਸ਼ਾਮਲ ਹੈ।

ਦਸਵੀਂ ਪੁਸਤਕ ਤੁਹਾਡੇ ਹੱਥ 'ਚ ਹੈ। ਇਹ ਵੀ ਕਾਵਿਤਾਵਲੀ ਹੈ। ਇਸ ਪੁਸਤਕ ਰਾਹੀਂ ਮੇਹਰ ਚੰਦ ਜੱਸਲ ਨੇ ਬੁੱਧ ਅਤੇ ਅੰਬੇਦਕਰਵਾਦ ਦੇ ਆਜ਼ਾਦੀ, ਬਰਾਬਰੀ, ਭਾਈਚਾਰੇ, ਸ਼ਾਂਤੀ, ਪਿਆਰ, ਕਰੁਣਾ ਅਤੇ ਰੂਹਾਨੀ- ਗਿਆਨ ਤ ਵਿਗਿਆਨ ਦੇ ਬੀਜ ਹਿੱਤਵਾਦੀ ਹਿਰਦੇ 'ਚ ਬੋਏ, ਉਸ ਵਿਚੋਂ 'ਮਨੁੱਖ ਅਤੇ ਮਨੁੱਖਤਾ' ਰੂਪੀ ਚਸ਼ਮਾ ਫੁੱਟਿਆ, ਜਿਸ ਦੀਆਂ ਮੰਗਲਕਾਰੀ ਫੁਹਾਰਾਂ ਨੇ ਨਾ ਸਿਰਫ ਰਸਭਿੰਨਾ ਸੰਗੀਤ ਪੈਦਾ ਕੀਤਾ ਬਲਕਿ ਰੂਹ ਨੂੰ ਸਿੱਲੀ ਸਿੱਲੀ ਤਾਜ਼ਗੀ ਵੀ ਬਖ਼ਸ਼ੀ।

ਕਵਿਤਾ ਪਾਠਕ ਦੇ ਮਨ ਉਪਰ ਕਿਹੋ ਜਿਹਾ ਪ੍ਰਭਾਵ ਪਾਉਂਦੀ ਹੈ ਅਤੇ ਮਲਿੰਦ ਪ੍ਰਕਾਸ਼ਨ ਕਵਿਤਾ ਨੂੰ ਕਿਸ ਨਜ਼ਰੀਏ ਨਾਲ ਦੇਖਦਾ ਹੈ। ਇਹ ਗੱਲ ਵੀ ਪਾਠਕਾਂ ਨਾਲ ਸਾਂਝੀ ਕਰਨੀ ਲੋੜਦੇ ਹਾਂ ਪਰ ਪਹਿਲਾਂ ਇਹ ਜਾਣ ਲਿਆ ਜਾਵੇ ਕਿ ਕਵਿਤਾ ਕੀ ਹੈ? ਇਸ ਬਾਰੇ ਵਿਦਵਾਨਾਂ ਦੇ ਵੱਖੋ ਵੱਖਰੇ ਵਿਚਾਰ ਹਨ। ਕਵਿਤਾ ਅਮਰਾਵਤੀ ਤੋਂ ਡਿਗਦੀ ਹੋਈ ਅੰਮ੍ਰਿਤ ਦੀ ਧਾਰਾ ਹੈ। ਕਵਿਤਾ ਦਾ ਬਾਣਾ ਪਾ ਕੇ ਸੱਚ ਹੋਰ ਵੀ ਚਮਕ ਉਠਦਾ ਹੈ। ਇਤਿਹਾਸ ਦੀ ਬਜਾਏ ਕਵਿਤਾ ਸੱਚ ਦੇ ਜ਼ਿਆਦਾ ਨੇੜੇ ਹੁੰਦੀ ਹੈ। ਕਵਿਤਾ ਮਨੁੱਖਤਾ ਦੇ ਸਰਵਉੱਚ ਅਨੁਭਵ ਦਾ ਪ੍ਰਗਟਾਵਾ ਹੈ ਅਤੇ ਕਵਿਤਾ ਜੀਵਨ ਦੇ ਗੁਣ ਦੋਸ਼ ਦਾ ਲੇਖਾ-ਜੋਖਾ ਹੈ। ਜਿੱਥੇ ਗਧ ਅਸਮਰਥ ਹੈ, ਉਥੇ ਕਵਿਤਾ ਜਨਮ ਲੈਂਦੀ ਹੈ। ਪਰ ਮਲਿੰਦ ਪ੍ਰਕਾਸ਼ਨ ਦਾ ਕਵਿਤਾ ਬਾਰੇ ਨਜ਼ਰੀਆ ਹੈ ਕਿ ਉਹ ਅੱਨਿਆ, ਅੱਤਿਆਚਾਰ ਅਤੇ ਸ਼ੋਸ਼ਣ ਵਿਰੁੱਧ ਲਾਮਬੰਦੀ ਦਾ ਇਕ ਸਾਧਨ ਹੋਣੀ ਚਾਹੀਦੀ ਹੈ। ਹੁਣ ਤੱਕ ਅਸੀਂ ਕੁੱਲ ਦਸ ਪੁਸਤਕਾਂ ਛਾਪ ਚੁੱਕੇ ਹਾਂ; ਜਿਹਨਾਂ 'ਚੋਂ ਤਿੰਨ ਪੁਸਤਕਾਂ ਕਵਿਤਾ ਦੀਆਂ ਹਨ: (1) ਪ੍ਰੀਤਮ-ਕਾਵਿ (2) ਸਾਡਾ ਪ੍ਰਣਾਮ (3) ਹਥਲੀ ਪੁਸਤਕ: ਮਨੁੱਖ ਅਤੇ ਮਨੁੱਖਤਾ। ਪ੍ਰੀਤਮ ਕਾਵਿ ਨਿਰੋਲ ਅੰਬੇਦਕਰਵਾਦੀ ਵਿਚਾਰਧਾਰਾ ਦੀ ਕਵਿਤਾ ਹੈ, ਜਿਸ ਵਿਚੋਂ ਅੰਬੇਦਕਰਵਾਦ ਨੂੰ ਸਮਝਣ ਅਤੇ ਅੰਬੇਦਕਰ ਸਮਾਜ ਨੂੰ ਸਿਰਜਣ ਲਈ ਲੋੜੀਂਦੇ ਸੰਘਰਸ਼ ਦੀ ਪ੍ਰੇਰਨਾ ਮਿਲਦੀ ਹੈ। 'ਸਾਡਾ ਪ੍ਰਣਾਮ' ਵੀ ਅੰਬੇਦਕਰ ਅਤੇ ਮਿਸ਼ਨ 'ਚ ਆਪਣਾ ਯੋਗ ਹਿੱਸਾ ਪਾਉਣ ਲਈ ਪਾਠਕਾਂ ਨੂੰ 'ਹਲੂਣਾ' ਦਿੰਦੀ ਹੈ। ਹੁਣ ਅਸੀਂ ਤੀਜੀ ਕਾਵਿ ਪੁਸਤਕ 'ਮਨੁੱਖ ਅਤੇ ਮਨੁੱਖਤਾ' ਛਾਪ ਕੇ ਉਪਰੋਕਤ ਫਿਲਾਸਫ਼ੀ ਨੂੰ ਹੀ ਨਵੇਂ ਅੰਦਾਜ਼ 'ਚ ਪੇਸ਼ ਕਰਨ ਜਾ ਰਹੇ ਹਾਂ।

ਮਲਿੰਦ ਪ੍ਰਕਾਸ਼ਨ, ਉਹਨਾਂ ਸ਼ੋਸ਼ਿਤ ਲੋਕਾਂ ਦੀ ਆਵਾਜ਼ ਹੈ, ਜਿਹਨਾਂ ਕੋਲ ਸਿਵਾਏ ਭੁੱਖਮਰੀ, ਜ਼ਿੱਲਤ, ਬੇਕਾਰੀ, ਬਿਮਾਰੀ ਤੋਂ ਇਲਾਵਾ ਕੁਝ ਨਹੀਂ ਹੈ। ਇਹ ਲੋਕ ਅਨਪੜ੍ਹਤਾ ਅਤੇ ਅਗਿਆਨਤਾ ਕਾਰਨ ਮਾਨਸਿਕ ਗੁਲਾਮੀ ਦਾ ਸ਼ਿਕਾਰ ਹੋ ਕੇ ਸਮਾਜਿਕ ਕੁਰੀਤੀਆਂ ਦੇ ਜਾਲ ਵਿਚ ਫਸੇ ਤੜਫ ਰਹੇ ਹਨ। ਇਹਨਾਂ ਦੀਆਂ ਕਮਜ਼ੋਰੀਆਂ ਅਤੇ ਥੁੜਾਂ ਦਾ ਲਾਹਾ ਲੈ ਕੇ ਰਾਜਨੀਤਿਕ ਚੋਰਾਂ, ਧਾਰਮਿਕ ਠੱਗਾਂ ਅਤੇ ਲੋਟੂ ਵਿਉਪਾਰੀਆਂ ਦੇ ਗਠਬੰਧਨ ਨੇ ਆਪਣਾ 'ਸਾਮਰਾਜ' ਕਾਇਮ ਕਰ ਲਿਆ ਹੈ, ਜਿਸ ਨੂੰ ਮਨੁੱਖਤਾ ਦੀ ਭਲਾਈ ਲਈ ਤਹਿਸ-ਨਹਿਸ ਕਰਨਾ ਚਾਹੀਦਾ ਹੈ। ਇਹ ਕਿੰਦਾਂ ਹੋ ਸਕਦਾ ਹੈ? ਅਸੀਂ ਉਪਰੋਕਤ ਤਿੰਨਾਂ ਪੁਸਤਕਾਂ ਵਿਚੋਂ ਕੁਝ ਹਵਾਲੇ ਦਿਆਂਗੇ:

**ਧੁੰਨ ਦੇ ਪੱਕੇ ਲੋਕ**

ਨਾਲ ਗੁਲਾਮੀ ਥੱਕੇ ਲੋਕ, ਤੋੜਨ ਸੰਗਲ ਪੱਕੇ ਲੋਕ।
ਸੀਸ ਤਲੀ 'ਤੇ ਧਰਮ ਲੈਂਦੇ ਨੇ, ਜ਼ੁਲਮ ਸਿਤਮ ਤੋਂ ਅੱਕੇ ਲੋਕ।।
ਅਣਖ ਦੀ ਖ਼ਾਤਰ ਸੂਲੀਆਂ ਉਤੇ, ਝੂਟੇ ਲੈਂਦੇ ਤੱਕੇ ਲੋਕ।।
ਤੁੰਦ-ਤਬੂਕਾ ਬਣਕੇ ਉੱਠਣ, ਡੱਕ ਨਾ ਹੋਣ ਡੱਕੇ ਲੋਕ।।

- ਪ੍ਰੀਤਮ ਰਾਮਦਾਸਪੁਰੀ (ਪ੍ਰੀਤਮ ਕਾਵਿ)

**ਫਰਜ਼**

ਬਹੁਤ ਧਿਆਇਆ ਅਸੀਂ ਵੀ ਰੱਬ ਨੂੰ, ਕੁਝ ਪੱਲੇ ਨਹੀਂ ਪੈ ਸਕਿਆ,
ਮੇਰੀ ਕੌਮ ਦੇ ਕਾਤਲਾਂ ਨੂੰ, ਰੱਬ 'ਕਾਤਲ' ਤੱਕ ਨਾ ਕਹਿ ਸਕਿਆ,
ਨਾ ਖਿੱਚੋ ਨਾ ਖਿੱਚੋ ਪਿੱਛੇ, ਪੈਰ ਅੱਗੇ ਨੂੰ ਧਰਨ ਦਿਉ,
ਫਰਜ਼ ਹੈ ਮੇਰਾ ਕੌਮ ਲਈ ਮਰਨਾ, ਫਰਜ਼ ਇਹ ਪੂਰਾ ਕਰਨ ਦਿਉ।

- ਧਰਮ ਚੰਦ ਮਹੇ (ਸਾਡਾ ਪ੍ਰਣਾਮ)

**ਕ੍ਰਾਂਤੀ**

ਜੇ ਸੱਭ ਕੁਝ ਕਰਨ ਤੇ ਵੀ ਜ਼ਾਲਮ ਰਹੇ ਜ਼ਾਲਮ,
ਸਖ਼ਤ ਕਦਮ ਉਠਾਣੇ ਕੋਈ ਗੁਨਾਹ ਨਾਹੀਂ।
ਬਣ ਫੌਲਾਦ ਫਿਰ ਜ਼ੁਲਮ ਦਾ ਰਾਹ ਰੋਕੋ,
ਜਦ ਤੱਕ ਜ਼ਾਲਮ ਦਾ ਹੁੰਦਾ ਫ਼ਨਾਹ ਨਾਹੀਂ।
ਦਰਦ ਦੇਵੋ ਸੰਘਰਸ਼ ਨਾਲ ਉਹਨੂੰ,
ਜਿੱਥੋਂ ਮਿਲੇ ਮਨੁੱਖੀ ਨਿਆਂਹ ਨਾਹੀਂ।
ਫਿਰ 'ਜੱਸਲ' ਕ੍ਰਾਂਤੀ ਆਪ ਆ ਜਾਊ,
ਰਹੂ ਜ਼ਾਲਮ ਦਾ ਨਾਮੋ ਨਿਸ਼ਾਂਹ ਨਾਹੀਂ।

**ਕਿਉਂ ਹੈ?**

ਜ਼ਿੰਦਗੀ ਐਨੀ ਤੰਗ ਕਿਉਂ ਹੈ?
ਸਿੱਧਾ ਰਸਤਾ ਬੰਦ ਕਿਉਂ ਹੈ?
ਸੋਚਾਂ 'ਚ ਐਨਾ ਗੰਦ ਕਿਉਂ ਹੈ?
ਝੂਠ ਦੇ ਮੂੰਹ ਵਿਚ ਖੰਡ ਕਿਉਂ ਹੈ?
ਚਿੱਟਾ ਲਹੂ ਦਾ ਹੋਇਆ ਰੰਗ ਕਿਉਂ ਹੈ?
ਹਰ ਕੋਈ ਬਣਿਆ ਬਲੀ ਬਜਰੰਗ ਕਿਉਂ ਹੈ?
ਅੱਜ ਸਾਧ ਦੀ ਜੇਬ 'ਚ ਗੰਨ ਕਿਉਂ ਹੈ?
'ਜੱਸਲ' ਦਿਨ 'ਚ ਲੱਗਦੀ ਸੰਨ ਕਿਉਂ ਹੈ?

**ਇਕ ਮਸ਼ਵਰਾ**

ਅੰਬੇਦਕਰ ਦੀਆਂ ਲਿਖਤਾਂ ਪੜ੍ਹਨ ਉਤੋਂ, ਬਦਲ ਜਾਂਦੀ ਹੈ ਜੀਵਨ ਦੀ ਤੋਰ ਸਾਰੀ।
ਜਿਹੜਾ ਦੇ ਖ਼ਜ਼ਾਨਾ ਗਿਆ ਤੁਹਾਨੂੰ, ਪੂਰੀ ਕਰ ਗਿਆ ਜੀਵਨ ਦੀ ਲੋੜ ਸਾਰੀ।
ਜੁਦੇ ਜੁਦੇ ਅਛੂਤ ਜੋ ਭਟਕਦੇ ਸੀ, ਦਿੱਤੀ ਉਸਨੇ ਕੌਮ ਇਹ ਜੋੜ ਸਾਰੀ।
ਜਿਹੜੇ ਧੌਂਸ ਅਛੂਤਾਂ ਤੇ ਰੱਖਦੇ ਸੀ, ਘੰਡੀ ਉਨ੍ਹਾਂ ਦੀ ਦਿੱਤੀ ਮਰੋੜ ਸਾਰੀ।

- ਮਨੁੱਖ ਅਤੇ ਮਨੁੱਖਤਾ 'ਚੋਂ

ਇਹੋ ਜਿਹੀ ਕਵਿਤਾ ਹੀ ਪਾਠਕਾਂ ਨੂੰ 'ਝੰਜੋੜਦੀ' ਹੈ ਕਿ ਉਹ ਆਪਣੀ ਦਸ਼ਾ ਅਤੇ ਦਿਸ਼ਾ ਨੂੰ ਬਦਲਣ ਬਾਰੇ ਸੋਚਣ ਅਤੇ ਆਪਣੀ ਗੁਲਾਮੀ ਦੀਆਂ ਬੇੜੀਆਂ ਤੋੜਨ ਲਈ ਉਠ ਖੜ੍ਹੇ ਹੋਣ।

ਮਲਿੰਦ ਪ੍ਰਕਾਸ਼ਨ ਨੇ ਜਿਹੜੀਆਂ ਯੋਜਨਾਵਾਂ ਅੰਬੇਦਕਰ ਅਤੇ ਬੁੱਧ ਦੇ ਮਿਸ਼ਨ ਨੂੰ ਫੈਲਾਉਣ ਲਈ ਉਲੀਕੀਆਂ ਹੋਈਆਂ ਹਨ, ਉਨ੍ਹਾਂ ਨੂੰ ਤਦੇ ਹੀ ਨੇਪਰੇ ਚਾੜਿਆ ਜਾ ਸਕਦਾ ਹੈ, ਜੇਕਰ ਪਾਠਕ ਅਤੇ ਸਹਿਯੋਗੀ ਤਨ, ਮਨ ਅਤੇ ਧੰਨ ਨਾਲ ਮਦਦ ਕਰਨ ਕਿਉਂਕਿ ਇਹ ਕੰਮ ਕਿਸੇ ਇਕੱਲੇ ਇਨਸਾਨ ਦੇ ਵੱਸ ਦਾ ਨਹੀਂ। ਇਸ ਲਈ ਮਲਿੰਦ ਪ੍ਰਕਾਸ਼ਨ ਦੇ ਹਿਮੈਤੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਤਦੇ ਅਸੀਂ ਮੰਜ਼ਲੇ-ਮਕਸੂਦ ਉਪਰ ਪਹੁੰਚ ਸਕਦੇ ਹਾਂ, ਜਿਸ ਦਾ ਵਰਨਣ, ਪ੍ਰੀਤਮ ਰਾਮਦਾਸ ਪੁਰੀ ਨੇ ਆਪਣੀ ਕਵਿਤਾ 'ਚ ਇਉਂ ਕੀਤਾ ਹੈ:

ਵਕਤ ਬਦਲੂਗਾ ਨਵੇਂ ਸਾਮਾਨ ਪੈਦਾ ਹੋਣਗੇ।
ਇਕ ਨਵੀਂ ਧਰਤੀ ਨਵਾਂ ਅਸਮਾਨ ਪੈਦਾ ਹੋਣਗੇ।।
ਆਉਣ ਵਾਲਾ ਹੈ ਅਜਿਹਾ ਇਨਕਲਾਬ ਹੈ ਦੋਸਤੋ।
ਕੀੜੀਆਂ ਦੇ ਭੌਣ 'ਚੋਂ ਸੁਲੇਮਾਨ ਪੈਦਾ ਹੋਣਗੇ।

ਜਿੱਥੇ ਅਸੀਂ ਸ੍ਰੀ ਮੇਹਰ ਚੰਦ ਜੱਸਲ ਨੂੰ, ਉਹਨਾਂ ਦੀ ਪਲੇਠੀ ਪੁਸਤਕ ਛਪਣ ਉਪਰ ਵਧਾਈ ਦਿੰਦੇ ਹਾਂ ਅਤੇ ਉਥੇ ਆਪਣੇ ਬਜ਼ੁਰਗ ਆਗੂ ਸ੍ਰੀ ਰਤਨ ਲਾਲ ਸਾਂਪਲਾ 'ਭੀਮ ਰਤਨ' ਅਤੇ ਬੋਧ ਉਪਾਸਕਾ ਸ਼੍ਰੀਮਤੀ ਨਿਰਮਲਾ (ਪਤਨੀ ਮਰਹੂਮ ਸਾਥੀ ਸ੍ਰੀ ਚਾਨਣ ਚਾਹਲ) ਦਾ ਧੰਨਵਾਦ ਕਰਦੇ ਹਾਂ ਕਿ ਉਨ੍ਹਾਂ ਨੇ ਮਲਿੰਦ ਪ੍ਰਕਾਸ਼ਨ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ 'ਚ ਸਾਡਾ ਭਰਪੂਰ ਸਾਥ ਦਿੱਤਾ ਹੈ। ਅਸੀਂ ਆਪਣੇ ਦੂਜੇ ਸਾਥੀਆਂ ਨੂੰ ਵੀ 'ਹਾਲੀ' ਸਾਹਿਬ ਦੇ ਸ਼ਬਦਾਂ 'ਚ ਮਸ਼ਵਰਾ ਦੇਣਾ ਚਾਹੁੰਦੇ ਹਾਂ:

ਬੈਠੇ ਬੇਫ਼ਿਕਰ ਕਿਆ ਹੋ, ਹਮਵਤਨੋ! ਉਠੋ, ਅਹਲੇ ਵਤਨ ਕੇ ਦੋਸਤ ਬਨੋ।।
ਮਰਦ ਹੋ ਤੋ ਕਿਸੀ ਕੇ ਕਾਮ ਆਓ। ਵਰਨਾ ਖਾਓ, ਪੀਓ, ਚਲੇ ਜਾਓ।।

ਪੁਸਤਕਾਂ ਛਪਵਾਉਣ ਵਾਲੇ ਲੇਖਕਾਂ ਨੂੰ ਪੁਰਜ਼ੋਰ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੀਆਂ ਪੁਸਤਕਾਂ ਮਲਿੰਦ ਪ੍ਰਕਾਸ਼ਨ ਰਾਹੀਂ ਛਪਵਾਉ। ਅਸੀਂ ਮੁਨਾਸਬ ਲਾਗਤ ਨਾਲ ਵਧੀਆ ਤੋਂ ਵਧੀਆ ਪੁਸਤਕ ਛਪਾਈ ਦਾ ਵਾਅਦਾ ਕਰਦੇ ਹਾਂ।


*ਹਵਾਲਾ: 1. ਅਗਿਆਤ, 2. ਪੋਪ, 3. ਪਲੈਟੋ, 4. ਹਜਾਰੀ ਪ੍ਰਸਾਦ ਦਵੇਦੀ, 5. ਅਤੇ 6. ਅਗਿਆਤ, 7. ਜੋਰਦਾਰ ਭਾਂਬੜ।*

## ਬਸਪਾ ਵੱਲੋਂ ਬੇਰੁਜਗਾਰ ਲਾਈਨਮੈਨਾਂ ਦੀ ਮਾਰਕੁਟਾਈ ਦੀ ਨਿਖੇਧੀ

ਲੁਧਿਆਣਾ (ਪ੍ਰੀਤੀ ਸ਼ਰਮਾ) ਬਹੁਜਨ ਸਮਾਜ ਪਾਰਟੀ ਦੇ ਜਿਲ੍ਹਾ ਅਤੇ ਲੋਕ ਸਭਾ ਇੰਚਾਰਜ ਸ਼ਿਵਚੰਦ ਗੋਗੀ ਨੇ ਅਪਣੇ ਦਫ਼ਤਰ ਵਿੱਚ ਸੱਦੀ ਮੀਟਿੰਗ ਵਿੱਚ ਕੱਲ ਬਣਾਂਵਾਲੀ ਥਰਮਲ ਪਲਾਂਟ ਦੇ ਉਦਘਾਟਨ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉੱਪ ਮੁੱਖ ਮੰਤਰੀ ਸੁਖਵੀਰ ਸਿੰਘ ਬਾਦਲ ਅਤੇ ਮੈਂਬਰ ਲੋਕਸਭਾ ਹਰਸਿਮਰਤ ਕੌਰ ਬਾਦਲ ਦੀ ਹਾਜਰੀ ਵਿੱਚ ਪਿਛਲੇ 15 ਸਾਲਾਂ ਤੋਂ ਰੁਜਗਾਰ ਮੰਗਦੇ ਬੇਰੁਜਗਾਰ ਲਾਈਨਮੈਨਾਂ ਦੀ ਅਕਾਲੀਆਂ ਆਗੂਆਂ ਵੱਲੋਂ ਕਕਾਰਾਂ ਦੀ ਬੇਅਦਬੀ ਕਰ ਕੀਤੀ ਕੁੱਟਮਾਰ ਅਤੇ ਪੁਲਿਸ ਵੱਲੋਂ 14 ਬੇਰੁਜਗਾਰਾਂ ਤੇ ਪਰਚੇ ਦਰਜ ਕਰ ਜੇਲ੍ਹ ਭੇਜਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਸਰਕਾਰ ਨੂੰ ਸੱਭ ਤੋਂ ਜਾਲਮ ਤੇ ਲੋਕ ਵਿਰੋਧੀ ਆਖ ਇਸ ਦੀਆਂ ਨੀਤੀਆਂ ਦੇ ਵਿਰੁੱਧ ਆਮ ਜਨਤਾ ਨੂੰ ਲਾਮਬੰਧ ਹੋਣ ਦਾ ਸੱਦਾ ਦਿੱਤਾ।

## ਕ੍ਰਿਸਮਿਸ ਤੇ ਵਿਸ਼ੇਸ਼

# ਵੱਡਾ ਦਿਨ 2013



**ਫਰੈਡੀ ਜੋਜ਼ਫ**
ਮੁੱਖ ਸੰਪਾਦਕ, ਮਸੀਹੀ ਸੰਸਾਰ, ਜਲੰਧਰ

ਪਿਛਲੇ ਦਿਨੀਂ ਅਸੀ ਜਿਕਰ ਕੀਤਾ ਸੀ ਕਿ ਵੀਹਵੀ ਸਦੀ ਦੇ ਲਗਪਗ ਅੱਧ ਤੋਂ ਵਿਸ਼ਵ ਪੱਧਰ ਤੇ ਚਰਚ ਕਮਜੋਰ ਹੋ ਰਿਹਾ ਹੈ। ਈਸਾਈਅਤ ਦਾ ਗੜ੍ਹ ਮੰਨੇ ਜਾਣ ਵਾਲੇ ਸੰਸਾਰ ਦੇ 164 ਦੇਸਾਂ ਵਿੱਚ ਲੋਕਾਂ ਦਾ ਭਰੋਸਾ ਪਰਮੇਸ਼ਵਰ ਤੋਂ ਉਠ ਰਿਹਾ ਹੈ ਅਤੇ ਚਰਚ ਲੀਡਰਸ਼ਿਪ ਇਸ ਭਰੋਸੇ ਨੂੰ ਕਾਇਮ ਰਖਣ ਵਿੱਚ ਬੂਰੀ ਤਰਾਂ ਅਸਫਲ ਰਹੀ ਹੈ। ਜਿਥੋਂ ਤਕ ਪੰਜਾਬ ਦਾ ਸਬੰਧ ਹੈ, ਇਥੇ ਤਾਂ ਚਰਚ ਲੀਡਰਸ਼ਿਪ ਦੀ ਤਸਵੀਰ ਬਹੁਤ ਹੀ ਨਿਰਾਸ਼ਾਜਨਕ ਹੈ।

ਵਿਦੇਸ਼ੀ ਮਿਸ਼ਨਰੀਆਂ ਦੇ ਚਲੇ ਜਾਣ ਪਿਛੋਂ ਚਰਚ ਸਰਗਰਮੀਆਂ ਬਹੁਤ ਬੂਰੀ ਤਰਾਂ ਤਹਿਸ ਨਹਿਸ ਹੋ ਕੇ ਰਹਿ ਗਈਆਂ ਹਨ। ਅੱਜ ਇਨਸਾਨ ਦੀਆਂ ਦੁਨੀਆ ਵੀ ਲੋੜਾਂ ਪ੍ਰਤੀ ਚਰਚ ਦੀ ਚੰਤਾ ਲਗਪਗ ਖਤਮ ਹੋ ਗਈ ਹੈ ਜਦਕਿ ਮਨੁੱਖ ਦੀਆਂ ਦੁਨੀਆਈ ਲੋਕਾਂ ਪ੍ਰਤੀ ਚਿੰਤਾ ਕਰਨਾ ਪ੍ਰਭੂ ਯਿਸੂ ਦਾ ਦੂਸਰਾ ਵੱਡਾ ਹੁਕਮ ਹੈ। ਚਰਚ ਮਨੁੱਖੀ ਸੇਵਾ ਵਿੱਚ ਲਗੀਆਂ ਚਰਚ ਸੰਸਥਾਵਾ ਦੀ ਹੋਂਦ ਕਾਇਮ ਰਖਣ ਵਿੱਚ ਬੂਰੀ ਤਰਣ ਅਸਫਲ ਸਿੱਧ ਹੋਇਆ ਹੈ। ਅਗਿਆਨ ਦੇ ਹਨੇਰੇ ਨੂੰ ਦੂਰ ਕਰਨ ਲਈ ਅਤੇ ਆਪਸ ਵਿੱਚ ਏਕਤਾ ਤੇ ਪਿਆਰ ਕਰਾਇਮ ਕਰਨ ਲਈ ਵਿਦੇਸ਼ੀ ਮਿਸ਼ਨਰੀਆਂ ਵਲੋਂ ਕਾਇਮ ਕੀਤੇ ਗਏ ਮੀਡੀਏ ਨੂੰ ਚਰਚ ਲੀਡਰਸ਼ਿਪ ਸਮਝਣ ਵਿੱਚ ਬੂਰੀ ਤਰਾਂ ਅਸਫਲ ਰਹੀ ਹੈ। ਪੰਜਾਬ ਵਿੱਚ ਸਭ ਤੋਂ ਪਹਿਲਾ ਅਖਬਾਰ ਈਸਾਈ ਮਿਸ਼ਨਰੀਆਂ ਨੇ ਹੀ ਸ਼ੁਰੂ ਕੀਤਾ ਸੀ ਅੱਜ ਜਦਕਿ ਦੂਸਰੇ ਸਮਾਜਾ ਦੇ ਅਖਬਾਰ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਛਪ ਰਹੇ ਹਨ ਚਰਚ ਦੀ ਮੀਡੀਆ ਕਿਥੇ ਹੈ? ਖਰੜ ਤੇ ਲੁਧਿਆਣਾ ਵਿੱਚ ਲਾਏ ਗਏ ਮੋਢੀ ਪ੍ਰੈਸ ਕਿਥੇ ਗਏ?

ਪੰਜਾਬ ਵਿੱਚ ਆਧੁਨਿਕ ਸਿਖਿਆ ਦਾ ਅਰੰਭ ਕਰਨ ਵਾਲੇ ਸਕੂਲ ਕਿਥੇ ਗਏ? ਉਨਾਂ ਦਾ ਜਾਹੋ ਜਲਾਲ ਕਿਥੇ ਗਿਆ? ਆਧੁਨਿਕ ਇਲਾਜ ਪ੍ਰਣਾਲੀ ਲੈ ਕੇ ਮੈਦਾਨ ਵਿੱਚ ਉਤਰੇ ਮਿਸ਼ਨ ਹਸਪਤਾਲਾਂ ਦਾ ਜਾਹੋ ਜਲਾਲ ਕਿਥੇ ਗਿਆ? ਲੋਕਾਂ ਦੀ ਬੇਰੁਜਗਾਰੀ ਦੂਰ ਕਰਨ ਲਈ ਵਿਦੇਸ਼ੀ ਈਸਾਈ ਮਿਸ਼ਨਰੀਆਂ ਵਲੋਂ ਕੀਤੇ ਗਏ ਇੰਡਸਟਰੀਅਲ ਟਰੇਨਿੰਗ ਦੇ ਪ੍ਰਾਜੈਕਟ ਕਿਥੇ ਗਏ? ਕਮਜ਼ੋਰ ਵਰਗਾਂ ਦੇ ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਕਿਥੇ ਗਈਆਂ?

ਚਰਚ ਅਤੇ ਚਰਚ ਸਰਗਰਮੀਆਂ ਨੂੰ ਚਲਾਉਣ ਲਈ ਵੱਡੇ ਪੱਧਰ ਤੇ ਖਰੀਦੀਆਂ ਜ਼ਮੀਨਾਂ ਕਿਥੇ ਚਲੇ ਗਈਆਂ? ਈਸਾਈ ਲਿਡਰਸ਼ਿਪ ਦੀ ਕੌਮੀ ਅਣਖ ਦਾ ਹਾਲ ਇਹ ਹੈ ਕਿ ਇਸ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਧਰਮ ਦੇ ਨਾਂ ਤੇ ਈਸਾਈਆਂ ਉੱਤੇ ਜੁਸਮ-ਓ-ਤਸ਼ਦਦ ਹੋ ਰਿਹਾ ਹੈ। ਇਸ ਦੇਸ਼ ਦੇ ਲਗਭਗ 6 ਰਾਜਾਂ ਵਿੱਚ ਧਰਮ ਪਰਿਵਰਤਨ ਉੱਤੇ ਪਾਬੰਦੀ ਲੱਗ ਚੁਕੀ ਹੈ। ਮੀਡੀਆ ਰਾਹੀਂ ਈਸਾਈਅਤ ਵਿਰੋਧੀ ਤਾਕਤਾਂ ਵਲੋਂ ਈਸਾਈਅਤ ਦਾ ਅਕਸ ਵਿਗਾੜਿਆ ਜਾ ਰਿਹਾ ਹੈ।

ਈਸਾਈ ਲੀਡਰਸ਼ਿਪ ਇਨ੍ਹਾਂ ਹਾਲਾਤ ਦਾ ਟਾਕਰਾ ਖੁਦਾ ਉੱਤੇ ਭਰੋਸਾ ਰੱਖ ਕੇ ਕਰਨ ਦੀ ਬਜਾਏ ਈਸਾਈ ਜਨਤਾ ਨੂੰ ਖੁਦਾ ਦੇ ਕਲਾਮ ਦੀ ਗਲਤ ਵਿਆਖਿਆ ਕਰਕੇ ਗੁਮਰਾਹ ਕਰ ਰਹੀ ਹੈ। ਵੱਡੀਆਂ ਵੱਡੀਆਂ ਬਾਈਬਲਾਂ ਚੁਕਣ ਵਾਲੇ ਖਰੜ ਗਿਆਨੀ ਇਹ ਪ੍ਰਚਾਰ ਕਰਦੇ ਰਹਿੰਦੇ ਹਨ - ਇਹ ਸਭ ਕੁਝ ਤਾਂ ਹੋਣਾ ਹੀ ਹੈ - ਬਾਈਬਲ ਵਿੱਚ ਲਿਖਿਆ -ਖੁਦਾ ਆਪੇ ਹੀ ਮਦਦ ਲਈ ਆਵੇਗਾ ਜਦ ਕਿ ਹਕੀਕਤ ਇਹ ਹੈ ਕਿ ਖੁਦਾ ਅਤੇ ਇਨਸਾਨ ਦੀ ਭੂਮਿਕਾ ਤਹਿ ਹੈ ਜਦ ਇਹ ਸਭ ਕੁਝ ਤਹਿ ਹੀ ਹੈ ਅਤੇ ਜੋ ਹੋ ਰਿਹਾ ਹੈ ਇਸ ਨੂੰ ਰੋਕਿਆ ਨਹੀਂ ਜਾ ਸਕਦਾ ਤਾਂ ਫਿਰ ਬਾਈਬਲ ਦਾ ਪ੍ਰਚਾਰ ਕਰਨ ਦਾ ਕੀ ਲਾਭ ਹੈ? ਕਿਉਂ ਇਸਦੇ ਪ੍ਰਚਾਰ ਤੇ ਇਨ੍ਹਾਂ ਪੈਸਾ, ਸ਼ਕਤੀ ਤੇ ਸਮਾਂ ਨਸ਼ਟ ਕੀਤਾ ਜਾ ਰਿਹਾ ਹੈ?

ਲਾਜ਼ਰ ਨੂੰ ਜ਼ਿੰਦਾ ਕਰਨਾ ਮੁਸ਼ਕਿਲ ਸੀ ਜਾਂ ਕਬਰ ਤੋਂ ਪੱਥਰ ਹਟਾਉਣ? ਜਦ ਪ੍ਰਭੂ ਯਿਸੂ ਲਾਜ਼ਰ ਨੂੰ ਜ਼ਿੰਦਾ ਕਰ ਸਕਦੇ ਹਨ ਤਾਂ ਉਨ੍ਹਾਂ ਨੇ ਕਬਰ ਤੋਂ ਪੱਥਰ ਹਟਾਉਣ ਲਈ ਲੋਕਾਂ ਨੂੰ ਕਿਉਂ ਕਿਹਾ? ਕੀ ਉਹ ਪੱਥਰ ਨਹੀਂ ਹਟਾ ਸਕਦੇ ਸਨ? ਖੁਦਾ ਕਦੇ ਵੀ ਖੁਦ ਅਸਮਾਨ ਤੋਂ ਉੱਤਰ ਕੇ ਨਹੀਂ ਆਇਆ। ਉਹ ਹਮੇਸ਼ਾ ਸਾਰੇ ਕੰਮ ਇਨਸਾਨਾਂ ਦੁਆਰਾ ਹੀ ਕਰਦਾ ਰਿਹਾ ਹੈ।

ਇਨਸਾਨਾਂ ਰਾਹੀਂ ਹੀ ਉਹ ਇਨਸਾਨਾਂ ਨੂੰ ਬਚਾਉਂਦਾ ਹੈ ਜਿਵੇਂ ਕਿ ਯੂਨਾਹ ਨਬੀ ਰਾਹੀਂ ਨੀਨਵੇਂ ਸ਼ਹਿਰ ਦੇ ਲੋਕਾਂ ਨੂੰ ਬਚਾਇਆ। ਵੱਡਾ ਦਿਨ 2013 ਨੂੰ ਮੌਕੇ ਤੇ ਸਾਡੀ ਆਮ ਈਸਾਈ ਜਨਤਾ ਨੂੰ ਅਪੀਲ ਹੈ ਕਿ ਉਹ ਨਿਸ਼ਕਿਰਿਆ ਹੋ ਚੁੱਕੀ ਹੈ। ਈਸਾਈ ਲੀਡਰਸ਼ਿਪ ਦੀ ਬਜਾਏ ਬਾਈਬਲ ਵਿਚੋਂ ਇਹ ਵੇਖਣ ਦਾ ਯਤਨ ਕਰੇ ਕਿ ਅੱਜ ਦੇ ਹਾਲਾਤ ਵਿੱਚ ਉਸਦੀ ਭੂਮਿਕਾ ਹੈ। ਪਵਿੱਤਰ ਬਾਈਬਲ ਵਲੋਂ ਤਹਿ ਆਪਣਾ ਕਰਮ ਨਿਭਾਈਏ ਤੇ ਪ੍ਰਭੂ ਯਿਸੂ ਦੇ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# ਦਲਿਤਾਂ ਨਾਲ ਵਧੀਕੀਆਂ ਬਰਦਾਸ਼ਤ ਨਹੀਂ ਸਗੋਂ ਠੋਕਵਾਂ ਜ਼ਵਾਬ ਦੇਵਾਂਗੇ- ਬੇਗਮਪੁਰਾ ਟਾਈਗਰ ਫੋਰਸ

## ਈਸ ਕੁਮਾਰ ਸ਼ੇਰਗੜ੍ਹ ਪ੍ਰਧਾਨ ਨਿਯੁਕਤ



ਹੁਸ਼ਿਆਰਪੁਰ (ਸ਼ਿਵ ਕੁਮਾਰ ਬਾਵਾ) ਅਜ਼ਾਦੀ ਦੇ 60 ਸਾਲ ਬੀਤ ਜਾਣ ਤੇ ਵੀ ਦਲਿਤਾਂ ਨਾਲ ਸਿਆਸੀ, ਸਮਾਜਿਕ ਅਤੇ ਧਾਰਮਿਕ ਖੇਤਰ ਵਿੱਚ ਅਜੇ ਵੀ ਵੱਡੇ ਪੱਧਰ 'ਤੇ ਧੱਕੇਸ਼ਾਹੀ ਹੋ ਰਹੀ ਹੈ। ਸਿਆਸਤ ਵਿੱਚ ਦਲਿਤ ਲੋਕ ਸਭਾ ਅਤੇ ਵਿਧਾਇਕ ਦਲਿਤਾਂ ਮੈਂਬਰਾਂ ਦੀਆਂ ਵੋਟਾਂ ਲੈਣ ਤੋਂ ਬਾਅਦ ਸੰਸਦ ਅਤੇ ਵਿਧਾਨ ਸਭਾ ਵਿੱਚ ਦਲਿਤ ਮਸਲਿਆਂ ਨੂੰ ਉਜਾਗਰ ਕਰਨ ਤੋਂ ਕੰਨੀ ਕਤਰਾਉਂਦੇ ਹਨ ਕਿਉਂਕਿ ਪਾਰਟੀ ਦੇ ਧਨਾਢ ਆਗੂਆਂ ਦੀ ਕਠਪੁੱਤਲੀ ਬਣਕੇ ਖੁੱਡੇ ਵਿੱਚ ਬੜਕੇ ਬੈਠੇ ਬੇਸ਼ਰਮੀ ਸੋਚ ਨਾਲ ਆਪਣੇ ਘਰ ਭਰ ਰਹੇ ਹਨ। ਦਲਿਤਾਂ ਦੀ ਕੋਈ ਕੁੱਝ ਨਹੀਂ ਕਰਦੇ ਸਗੋਂ ਦਲਿਤ ਮਸਲਿਆਂ ਵਿੱਚ ਆਪਣੇ ਪਾਰਟੀ ਆਗੂਆਂ ਦੇ ਦੱਬਕੇ ਤੋਂ ਡਰ ਕੇ ਦਲਿਤਾਂ ਦੇ ਵਿਰੁੱਧ ਖੜ੍ਹੇ ਹੋ ਜਾਂਦੇ ਹਨ। ਉਪ੍ਰੋਕਤ ਵਿਚਾਰ ਅੱਜ ਇਥੇ ਬੇਗਮਪੁਰਾ ਟਾਈਗਰ ਫੋਰਸ ਦੀ ਪਿੰਡ ਸ਼ੇਰਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਚੇਅਰਮੈਨ ਤਰਸੇਮ ਦੀਵਾਨਾ ਨੇ ਪ੍ਰਗਟਾਏ । ਉਹਨਾਂ ਕਿਹਾ ਕਿ ਸਾਨੂੰ ਬਸਪਾ,ਕਾਂਗਰਸ ਅਤੇ ਭਾਜਪਾ ਵਰਗੀਆਂ ਪਾਰਟੀਆਂ ਦੇ ਆਗੂਆਂ ਤੋਂ ਵੀ ਆਪਣੇ ਸਮਾਜ ਦਾ ਭਲਾ ਜਾਂ ਤਰੱਕੀ ਦੀ ਕੋਈ ਆਸ ਨਹੀਂ ਰਹੀ। ਭਾਜਪਾ, ਬਸਪਾ ਅਤੇ ਕਾਂਗਰਸ ਸਾਡੇ ਸਮਾਜ ਦੀਆਂ ਵੱਧ ਵੋਟਾਂ ਹੋਣ ਕਾਰਨ ਚੋਣਾਂ ਵੇਲੇ ਸਾਨੂੰ ਕੋਈ ਨਾ ਕੋਈ ਸਬਜ਼ਬਾਗ ਦਿਖਾਕੇ ਦਲਿਤਾਂ ਸਮੇਤ ਸਾਡੇ ਨਾਲ ਸਬੰਧਤ ਹੋਰ ਵਰਗਾਂ ਦੀਆਂ ਵੋਟਾਂ ਪ੍ਰਾਪਤ ਕਰ ਲੈਂਦੇ ਹਨ। ਇਸ ਮੌਕੇ ਫੋਰਸ ਦੇ ਕੌਮੀ ਪ੍ਰਧਾਨ ਨਰਿੰਦਰ ਨਹਿਰੂ, ਕਾਰਜਕਾਰੀ ਮੈਂਬਰ ਅਵਤਾਰ ਬਸੀ ਖਵਾਜੂ,ਬਿੱਲਾ ਦਿਓਵਾਲ , ਸੋਨੂੰ ਸਿੰਗੜੀਵਾਲ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਉਦਾਹਰਨ ਵਜੋਂ ਪੰਜਾਬ ਵਿਧਾਨ ਸਭਾ ਆਕਾਲੀ - ਭਾਜਪਾ ਦੇ 24 ਦੇ ਕਰੀਬ ਦਲਿਤ ਵਿਧਾਇਕਾਂ ਦੀ ਕੋਈ ਜੁਰਤ ਨਹੀਂ ਕਿ ਉਹ ਵਿਧਾਨ ਸਭਾ ਵਿੱਚ ਦਲਿਤ ਮਾਮਲਾ ਉਠਾ ਸਕਣ। ਦੂਜੇ ਪਾਸੇ ਕਾਂਗਰਸ ਵਿੱਚ ਬੈਠੇ ਕਰੀਬ 10 ਵਿਧਾਇਕ ਵਿਰੋਧੀ ਧਿਰ ਹੋਣ ਦੇ ਬਾਵਜੂਦ ਆਪਣੇ ਉਚ ਆਗੂਆਂ ਦੇ ਪ੍ਰਭਾਵ ਹੇਠ ਸਰਕਾਰ ਦਾ ਦੂਸਰੇ ਮਸਲਿਆਂ ਤੇ ਵਿਰੋਧ ਕਰ ਰਹੇ ਹਨ ਪਰ ਦਲਿਤ ਮਸਲਿਆਂ ਵਿੱਚ ਨਹੀਂ। ਇਸ ਮੌਕੇ ਆਗੂਆਂ ਨੇ ਖਾਸ ਤੌਰ ਤੇ ਬਲਾਚੌਰ ਵਿਖੇ ਜੈਨ ਆਟੋ ਏਜੰਸੀ ਦੇ ਮਾਲਕ ਵਲੋਂ ਮੋਟਰਸਾਈਕਲ ਫਾਇਨਾਂਸ ਵਜੋਂ ਵੱਡੇ ਪੱਧਰ ਤੇ ਕੀਤੀ ਹੇਰਾਫੇਰੀ ਦੇ ਚਲਦੇ ਉਸ ਵਿਰੁੱਧ ਕਰੀਬ 20 ਸ਼ਿਕਾਇਤਾਂ ਐਸ.ਐਸ.ਪੀ. ਨਵਾਂਸ਼ਹਿਰ ਕੋਲ ਦਿੱਤੀਆ ਜਾਣ ਦੇ ਬਾਵਜੂਦ ਵੀ ਅਜੇ ਤੱਕ ਕੋਈ ਕਾਰਵਾਈ ਨਾ ਕ ਰਨ ਦੀ ਸਖਤ ਸ਼ਬਦਾਂ ਵਿੱਚ ਨਿਵੇਧੀ ਕੀਤੀ।

ਇਸ ਮੌਕੇ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਵਲੋਂ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਸ਼ਾਸ਼ਨ ਨੂੰ ਸਖਤ ਚੇਤਾਵਨੀ ਕਰਦਿਆਂ ਕਿਹਾ ਕਿ ਜੈਨ ਆਟੋ ਦੇ ਮਾਲਕ ਤੇ ਤੁਰੰਤ ਐਫ.ਆਈ.ਆਰ ਦਰਜ ਕੀਤੀ ਜਾਵੇ । ਜੇ ਉਸ ਵਿਰੁੱਧ ਕੇਸ ਦਰਜ ਨਾ ਕੀਤਾ ਗਿਆ ਤਾਂ ਬੇਗਮਪੁਰਾ ਟਾਇਗਰ ਫੋਰਸ ਸਮੂਹ ਜਥੇਬੰਦੀਆਂ ਨਾਲ ਰਲ ਕੇ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਸ਼ਾਸ਼ਨ ਵਿਰੁੱਧ ਤਿੱਖਾ ਸੰਘਰਸ਼ ਕਰੇਗੀ। ਇਸ ਮੌਕੇ ਪਿੰਡ ਪੱਧਰ ਦੀ ਚੋਣ ਕੀਤੀ ਗਈ ਜਿਸ ਵਿੱਚ ਕ੍ਰਮਵਾਰ ਈਸ ਕੁਮਾਰ ਸਰੋਆ ਪ੍ਰਧਾਨ, ਉਪ ਪ੍ਰਧਾਨ ਕੁਲਦੀਪ ਸੰਧੂ, ਪਰਮਜੀਤ ਸਰੋਆ ਜਨਰਲ ਸੈਕਟਰੀ ਅਤੇ ਅਜੈ ਕੁਮਾਰ ਵਿਰਦੀ ਨੂੰ ਨਿਯੁਕਤ ਕੀਤਾ ਗਿਆ। ਚੁਣੇ ਗਏ ਅਹੁੱਦੇਦਾਰਾਂ ਨੇ ਕਿਹਾ ਕਿ ਫੋਰਸ ਵਲੋਂ ਦਿੱਤੀ ਗਈ ਜਿੰਮੇਵਾਰੀ ਨੂੰ ਅਸੀਂ ਪੂਰੀ ਤਨਦੇਹੀ ਨਾ ਨਿਭਾਵਾਂਗੇ।

ਇਸ ਮੌਕੇ ਦਵਿੰਦਰ ਸਿੰਘ ਕਾਕਾ ਪ੍ਰਧਾਨ ਹਲਕਾ ਚੱਬੇਵਾਲ,ਉਪ ਪ੍ਰਧਾਨ ਸੋਮਦੇਵ, ਅਮਰਜੀਤ ਸੰਧੀ ਜਨਰ ਸੈਕਟਰੀ, ਰਣਜੀਤ ਬਜਵਾੜਾ, ਸਿਕੰਦਰ ਸੱਲਣ, ਪਿਆਰਾ ਸਿੰਗੜੀਵਾਲ, ਬੱਬੂ ਸਿੰਗੜੀਵਾਲ, ਵਿਸ਼ਾ ਕੁਮਾਰ, ਜਸਵੀਰ ਸਰੋਆ, ਅਸ਼ਵਨੀ ਕੁਮਾਰ, ਰਾਜਿੰਦਰ ਕੁਮਾਰ, ਬਲਵੀਰ, ਹੰਸ ਰਾਜ, ਕੁਲਦੀਪ ਸਿੰਘ, ਸੇਵਾ ਦਾਸ, ਚਰਨਜੀਤ ਪ੍ਰਧਾਨ ਚੱਕੋਵਾਲ ਸੇਖਾ ਆਦਿ ਤੋਂ ਇਲਾਵਾ ਅਨੇਕਾਂ ਮੈਂਬਰ ਹਾਜਰ ਸਨ।

## ਪਹਿਲੇ ਸਫੇ ਦੀ ਬਾਕੀ

# ਮਾੜੇ ਵਤੀਰੇ ਦੀ ਜਾਂਚ ਕਰੇਗਾ ਅਮਰੀਕਾ

'ਨਜ਼ਰਸਾਨੀ' ਕਰ ਰਹੇ ਹਾਂ ਤਾਂ ਜੋ ਕਾਨੂੰਨ ਤੋਂ ਬਾਹਰ ਜਾ ਕੇ ਕੁਝ ਨਾ ਹੋ ਸਕੇ। ਇਹ ਕਾਨੂੰਨ ਦਾ ਮਾਮਲਾ ਹੈ ਤੇ ਨਿਯਮਾਂ ਅਨੁਸਾਰ ਹੀ ਦੇਖਿਆ ਜਾਵੇਗਾ। ਅਸੀਂ ਭਾਰਤ ਨਾਲ ਆਪਣੇ ਸਬੰਧਾਂ ਦੇ ਮੱਦੇਨਜ਼ਰ ਉਸ ਨਾਲ ਰਲ ਕੇ ਇਸ ਮਾਮਲੇ 'ਤੇ ਚੱਲਾਂਗੇ।'' ਇਸ ਦੌਰਾਨ ਅਮਰੀਕੀ ਮਾਰਸ਼ਲਜ਼ ਸਰਵਿਸ ਨੇ ਦੇਵਯਾਨੀ ਦੀ ਜਾਮਾ ਤਲਾਸ਼ੀ ਲੈਣ ਦੀ ਪੁਸ਼ਟੀ ਕੀਤੀ ਹੈ। ਸਰਵਿਸ ਦੀ ਤਰਜਮਾਨ ਨਿੱਕੀ ਸੀ. ਬਾਰੈਟ ਨੇ ਕਿਹਾ, ''ਜਿਹੋ-ਜਿਹੇ ਢੰਗ ਨਾਲ ਭਾਰਤੀ ਡਿਪਲੋਮੈਟ ਦੀ ਗ੍ਰਿਫ਼ਤਾਰੀ ਮਗਰੋਂ ਜਾਮਾ ਤਲਾਸ਼ੀ ਲਈ ਗਈ ਉਹ ਨਿਯਮਾਂ ਅਨੁਸਾਰ ਹੀ ਸੀ। ਜਦੋਂ ਕਿਸੇ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਸ ਦੀ ਜਾਮਾ ਤਲਾਸ਼ੀ ਲੈਣੀ ਇਥੋਂ ਦਾ ਕਾਨੂੰਨ ਹੈ।''

ਸੰਸਦ ਵਿੱਚ ਰੌਲਾ-ਰੱਪਾ: ਭਾਰਤ ਦੀ ਡਿਪਲੋਮੈਟ ਨਾਲ ਬਦਸਲੂਕੀ ਦੇ ਮਾਮਲੇ 'ਤੇ ਸੰਸਦ ਦੇ ਦੋਵੇਂ ਸਦਨਾਂ ਵਿੱਚ ਅਮਰੀਕਾ ਵਿਰੁੱਧ ਆਵਾਜ਼ ਉੱਠੀ। ਉਨ੍ਹਾਂ ਮੰਗ ਕੀਤੀ ਕਿ ਅਮਰੀਕਾ ਆਪਣੀ ਇਸ ਹਰਕਤ ਲਈ ਮੁਆਫੀ ਮੰਗੇ। ਇਸ ਮਾਮਲੇ 'ਤੇ ਸਾਰੀਆਂ ਪਾਰਟੀਆਂ ਇਕਸੁਰ ਸਨ।

ਸੰਸਦ ਵਿੱਚ ਦੇਵਯਾਨੀ ਮਾਮਲਾ ਜ਼ੋਰਦਾਰ ਢੰਗ ਨਾਲ ਉਠਣ ਮਗਰੋਂ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਦੋਵਾਂ ਸਦਨਾਂ ਵਿੱਚ ਕਿਹਾ ਕਿ ਇਹ ਬੜੀ ਨਿੰਦਣਯੋਗ ਘਟਨਾ ਹੈ ਤੇ ਭਾਰਤੀ ਡਿਪਲੋਮੈਟ ਸਾਜ਼ਿਸ਼ ਦਾ ਸ਼ਿਕਾਰ ਹੋਈ ਹੈ। ਉਨ੍ਹਾਂ ਕਿਹਾ ਕਿ ਜੂਨ-ਜੁਲਾਈ 'ਚ ਉਸ ਦੀ ਨੌਕਰਾਣੀ 'ਗਾਇਬ' ਹੋ ਗਈ ਤੇ ਇਸ ਬਾਰੇ ਕੇਸ ਦਰਜ ਕਰਵਾ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਨਿਊਯਾਰਕ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ, ਜਦਕਿ ਗਾਇਬ ਨੌਕਰਾਣੀ ਸੰਗੀਤਾ, ਰਿਚਰਡ ਦੇ ਪਤੀ ਤੇ ਦੋ ਬੱਚਿਆਂ ਨੂੰ 10 ਦਸੰਬਰ ਨੂੰ ਅਮ-ਰੀਕਾ ਨੇ ਵੀਜ਼ਾ ਦੇ ਦਿੱਤਾ ਤੇ ਉਸ ਦੇ ਦੋ ਦਿਨਾਂ ਮਗਰੋਂ ਦੇਵਯਾਨੀ ਗ੍ਰਿਫ਼ਤਾਰ ਹੁੰਦੀ ਹੈ। ਉਨ੍ਹਾਂ ਕਿਹਾ, ''ਇਹ ਮੇਰੀ ਜ਼ਿੰਮੇਵਾਰੀ ਹੈ ਕਿ ਡਿਪਲੋਮੈਟ ਦਾ ਮਾਣ-ਸਨਮਾਨ ਬਹਾਲ ਹੋਵੇ। ਜੇ ਮੈਂ ਇਸ ਕੰਮ 'ਚ ਸਫਲ ਨਾ ਹੋਇਆ ਤਾਂ ਮੈਂ ਸਦਨ ਵਿੱਚ ਪੈਰ ਨਹੀਂ ਧਰਾਂਗਾ।''

ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਭਾਰਤੀ ਆਪਣੇ ਡਿਪਲੋਮੈਟਾਂ ਦੀ ਪੂਰੀ ਰੱਖਿਆ ਕਰੇਗਾ। ਵੀਆਨਾ ਕਨਵੈਨਸ਼ਨ ਕੌਮਾਂਤਰੀ ਹੈ ਤੇ ਸਾਰੇ ਮੁਲਕ ਇਸ ਨੂੰ ਲਾਗੂ ਕਰਨ ਲਈ ਪਾਬੰਦ ਹਨ।

ਅਮਰੀਕੀ ਸਫ਼ਾਰਤਖਾਨੇ ਬਾਹਰ ਪ੍ਰਦਰਸ਼ਨ: ਭਾਰਤੀ ਡਿਪਲੋਮੈਟ ਦੇਵਯਾਨੀ ਖੋਬਰਗੜੇ ਨਾਲ ਨਿਊਯਾਰਕ ਵਿਖੇ 'ਧੱਕਾ' ਕੀਤੇ ਜਾਣ ਖਿਲਾਫ਼ ਅੱਜ ਇਥੇ ਅਮਰੀਕੀ ਸਫ਼ਾਰਤਖਾਨੇ ਬਾਹਰ ਲੋਕਾਂ ਨੇ ਪ੍ਰਦਰਸ਼ਨ ਕੀਤਾ। ਇਹ ਪ੍ਰਦਰਸ਼ਨਕਾਰੀ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੋਂ ਇਲਾਵਾ ਹੋਰ ਕਈ ਸੰਗਠਨਾਂ ਨਾਲ ਸਬੰਧਤ ਸਨ।

ਦੇਵਯਾਨੀ ਦਾ ਕੇਸ ਮਜ਼ਬੂਤ: ਅਟਾਰਨੀ ਭਾਰਤੀ ਡਿਪਲੋਮੈਟ ਦੇਵਯਾਨੀ ਖੋਬਰਗੜੇ ਦੇ ਵਕੀਲ ਡੇਨੀਅਲ ਐਨ. ਮਾਰਸ਼ਲ ਨੇ ਕਿਹਾ ਹੈ ਕਿ ਦੇਵਯਾਨੀ ਨੂੰ ਡਿਪਲੋਮੈਟ ਛੋਟ ਹਾਸਲ ਹੈ ਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਅਮਰੀਕਾ ਨੇ ਕੌਮਾਂਤਰੀ ਪ੍ਰੋਟੋਕਾਲ ਦੀ ਉਲੰਘਣਾ ਕੀਤੀ ਹੈ। ਦੂਜੇ ਪਾਸੇ ਉੱਘੇ ਵਕੀਲ ਰਵੀ ਬੱਤਰਾ ਨੇ ਕਿਹਾ ਹੈ ਕਿ ਜਦੋਂ ਕੇਸ ਦਰਜ ਹੋ ਜਾਵੇ ਤੇ ਮਾਮਲਾ ਅਦਾਲਤ 'ਚ ਚਲਾ ਜਾਵੇ ਤਾਂ ਉਹ ਮਾਮਲਾ ਕਾਨੂੰਨੀ ਹੋ ਜਾਂਦਾ ਹੈ ਤੇ ਛੋਟਾਂ ਨਹੀਂ ਮਿਲਦੀਆਂ।

ਭਾਰਤ ਨੇ ਲਿਆ ਬਦਲਾ: ਮੀਡੀਆ ਭਾਰਤ ਵੱਲੋਂ ਅਮਰੀਕੀ ਸਫ਼ਾਰਤਖਾਨੇ ਨੂੰ ਦਿੱਤੀਆਂ ਵਿਸ਼ੇਸ਼ ਛੋਟਾਂ ਵਾਪਸ ਲੈਣ ਨੂੰ ਅਮਰੀਕੀ ਮੰਤਰਾਲੇ ਨੇ ਬਦਲਾਲਊ ਕਾਰਵਾਈ ਕਰਾਰ ਦਿੱਤਾ ਹੈ।

ਦੇਵਯਾਨੀ ਦਾ ਸਥਾਈ ਮਿਸ਼ਨ 'ਚ ਤਬਾਦਲਾ

ਭਾਰਤ ਸਰਕਾਰ ਨੇ ਡਿਪਲੋਮੈਟ ਦੇਵਯਾਨੀ ਦੀ ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਮਿਸ਼ਨ 'ਚ ਬਦਲੀ ਕਰ ਦਿੱਤੀ ਤਾਂ ਜੋ ਉਸ ਨੇ ਪੂਰੀ ਡਿਪਲੋਮੈਟਿਕ ਮੁਆਫੀ ਦੇ ਯੋਗ ਬਣਾਇਆ ਜਾ ਸਕੇ। ਭਾਰਤ ਨੇ ਇਸ ਮਾਮਲੇ ਨੂੰ ਵੱਕਾਰ ਦਾ ਸਵਾਲ ਬਣਾ ਲਿਆ ਹੈ। ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਅੱਜ ਸੰਸਦ ਵਿੱਚ ਕਿਹਾ ਕਿ ਉਹ ਦੇਵਯਾਨੀ ਦਾ ਪੂਰਾ ਸਨਮਾਨ ਬਹਾਲ ਕਰਵਾ ਕੇ ਹੀ ਦਮ ਲੈਣਗੇ।

ਦੇਵਯਾਨੀ ਸਾਜ਼ਿਸ਼ ਦੀ ਸ਼ਿਕਾਰ: ਖੁਰਸ਼ੀਦ

ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਹੈ ਕਿ ਇਹ ਨਿੰਦਣਯੋਗ ਘਟਨਾ ਹੈ ਤੇ ਭਾਰਤੀ ਡਿਪਲੋਮੈਟ ਸਾਜ਼ਿਸ਼ ਦਾ ਸ਼ਿਕਾਰ ਹੋਈ ਹੈ। ਜੂਨ-ਜੁਲਾਈ 'ਚ ਉਸ ਦੀ ਨੌਕਰਾਣੀ 'ਗਾਇਬ' ਹੋ ਗਈ ਤੇ ਇਸ ਬਾਰੇ ਕੇਸ ਦਰਜ ਕਰਵਾ ਦਿੱਤਾ ਗਿਆ ਸੀ ਪਰ ਨਿਊਯਾਰਕ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ, ਜਦਕਿ ਗਾਇਬ ਨੌਕਰਾਣੀ ਸੰਗੀਤਾ ਰਿਚਰਡ ਦੇ ਪਤੀ ਤੇ ਦੋ ਬੱਚਿਆਂ ਨੂੰ 10 ਦਸੰਬਰ ਨੂੰ ਅਮਰੀਕਾ ਨੇ ਵੀਜ਼ਾ ਦੇ ਦਿੱਤਾ।

# ਅਮਰੀਕਾ ਨੇ ਦੇਵਯਾਨੀ ਨੂੰ ਨਹੀਂ ਸਗੋਂ ਭਾਰਤ ਨੂੰ ਨੰਗਾ ਕਰਕੇ ਕੀਤਾ ਜਲੀਲ : ਅਕਾਲੀ ਦਲ

ਲੁਧਿਆਣਾ- (ਪ੍ਰੀਤੀ ਸ਼ਰਮਾ) ਯੂਥ ਅਕਾਲੀ ਦਲ ਨੇ ਅਮਰੀਕਾ' ਚ ਭਾਰਤੀ ਉਪ ਮਹਾਂ ਵਣਜ ਦੂਤ ਦੇਵਯਾਨੀ ਖੋਬਰਾਗਾੜੇ ਨਾਲ ਕੀਤੇ ਮਾੜੇ ਸਲੂਕ ਦੇ ਵਿਰੋਧ' ਚ ਸਥਾਨਕ ਘੰਟਾਘਰ ਚੌਂਕ ਵਿਖੇ ਅਮਰੀਕਾ ਸਰਕਾਰ ਦਾ ਪੁਤਲਾ ਸਾੜਕੇ ਰੋਸ਼ ਮੁਜਾਹਰਾ ਕੀਤਾ। ਮੁਜਾਹਰਾਕਾਰੀਆਂ ਦੀ ਅਗਵਾਈ ਯੂਥ ਅਕਾਲੀ ਆਗੂ ਗੁਰਦੀਪ ਸਿੰਘ ਗੋਸ਼ਾ ਨੇ ਕੀਤੀ। ਗੋਸ਼ਾ ਨੇ ਅਮਰੀਕਾ ਵਿਖੇ ਭਾਰਤੀ ਵਣਜ ਦੂਤ



ਨਾਲ ਹੋਈ ਬਦਸਲੂਕੀ ਲਈ ਭਾਰਤ ਸਰਕਾਰ ਦੀ ਕਮਜੋਰ ਅਤੇ ਢੁਲਮੁਲ ਨਿਤੀਆਂ ਨੂੰ ਜ਼ਿੰਮੇਦਾਰ ਠਹਿਰਾਉਂਦੇ ਹੋਏ ਕਿਹਾ ਕਿ ਭਾਰਤ ਸਰਕਾਰ ਦੇਵਯਾਨੀ ਨਾਲ ਕੀਤੀ ਬਦਸਲੂਕੀ ਦੇ ਵਿਰੋਧ ' ਚ ਅਮਰੀਕਾ ਵਿੱਚ ਭਾਰਤੀ ਰਾਜਦੂਤ ਬੰਦ ਕਰਕੇ ਸਾਰੇ ਰਾਜਨਾਇਕਾ ਨੂੰ ਵਾਪਸ ਸੱਦਕੇ ਅਮਰੀਕੀ ਕਾਰਵਾਈ ਦਾ ਵਿਰੋਧ ਕਰੇ। ਉਥੇ ਭਾਰਤ ਸਥਿਤ ਅਮਰੀਕਾ ਦੇ ਰਾਜਦੂਤਾਂ ਨੂੰ ਵਾਪਸ ਭੇਜਕੇ ਅਮਰੀਕਾ ਨੂੰ ਸਬਕ ਸਿਖਾਏ। ਉਨ੍ਹਾਂ ਅੰਤਰਾਸ਼ਟਰੀ ਮਹਿਲਾ ਕਮਿਸ਼ਨ ਵੱਲੋਂ ਇਸ ਮਾਮਲੇ ਸਾਧੀ ਗਈ ਚੁੱਪੀ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਮਹਿਲਾਵਾਂ ਦੇ ਹਿਤਾਂ ਦੀ ਰੱਖਿਆ ਕਰਨ ਵਾਲਾ ਇਹ ਸੰਗਠਨ ਭਾਰਤੀ ਉਪ ਮਹਾਂ ਵਣਜ ਦੂਤ ਦੇਵਯਾਨੀ ਖੋਬਰਾਗਾੜੇ ਦੇ ਅਪਮਾਨ ਦੇ ਮਾਮਲੇ ਵਿੱਚ ਖਾਮੋਸ਼ ਕਿਉਂ ਹੈ। ਇਸਤਰੀ ਅਕਾਲੀ ਦਲ ਪ੍ਰਧਾਨ ਬੀਬੀ ਸੁਰਿੰਦਰ ਕੌਰ ਦਿਆਲ, ਯੂਥ ਆਗੂ ਮਨਪ੍ਰੀਤ ਸਿੰਘ ਬੰਟੀ, ਅਕਾਲੀ ਦਲ ਬੀਸੀ ਵਿੰਗ ਪ੍ਰਧਾਨ ਰਵਿੰਦਰ ਵਰਮਾ, ਰਣਜੀਤ ਸਿੰਘ ਬੱਤਰਾ ਅਤੇ ਮਨਪ੍ਰੀਤ ਸਿੰਘ ਮੰਨਾ ਨੇ ਕਿਹਾ ਅਮਰੀਕੀ ਅਧਿਕਾਰੀਆਂ ਨੇ ਦੇਵਯਾਨੀ ਨੂੰ ਨਗਨ ਕਰਕੇ ਤਲਾਸ਼ੀ ਲੈਣ ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਅਮਰੀਕਾ ਸਰਕਾਰ ਨੇ ਦੇਵਯਾਨੀ ਨਹੀਂ ਸਗੋਂ ਭਾਰਤ ਦੇ ਕੱਪੜੇ ਉਤਾਰ ਕੇ ਭਾਰਤ ਅਤੇ ਭਾਰਤ ਸਰਕਾਰ ਦਾ ਅਪਮਾਨ ਕੀਤਾ ਹੈ। ਇਸ ਮੌਕੇ ਤੇ ਮਨਪ੍ਰੀਤ ਸਿੰਘ ਬੰਟੀ, ਚਰਨਪ੍ਰੀਤ ਸਿੰਘ ਮਿੱਕੀ, ਵਿਜੈ ਗੁਪਤਾ, ਮਨਪ੍ਰੀਤ ਸਿੰਘ ਮੰਨਾ, ਇਸਤਰੀ ਅਕਾਲੀ ਦਲ ਲੁਧਿਆਣਾ ਦੀ ਜਨਰਲ ਸਕੱਤਰ ਅਵਨੀਤ ਕੌਰ ਖਾਲਸਾ,ਰਾਣੀ ਧਾਲੀਵਾਲ,ਗਗਨ-ਪ੍ਰੀਤ ਸਿੰਘ ਗਗਨ,ਪ੍ਰਕਾਸ਼ ਕੌਰ,ਸਤੋਖ ਕੌਰ,ਮਨਜੀਤ ਸਿੰਘ,ਜਸਬੀਰ ਸਿੰਘ ਦੂਆ, ਕਵਲਪ੍ਰੀਤ ਸਿੰਘ ਬੰਟੀ ਤੇ ਹੋਰ ਵੀ ਹਾਜਰ ਸਨ।

**ਦੁਆਬੇ ਦੇ ਗਦਰੀ ਬਾਬੇ**
**ਤੀਜੀ ਕਿਸ਼ਤ**

# ਗ਼ਦਰ ਪਾਰਟੀ ਦਾ ਥੰਮ: ਭਾਈ ਬਲਵੰਤ ਸਿੰਘ ਖੁਰਦਪੁਰ



ਡਾ. ਜਸਵੰਤ ਰਾਏ
98158 25999

ਪਿੰਡ ਖੁਰਦਪੁਰ ਹੁਸ਼ਿਆਰਪੁਰ ਜਲੰਧਰ ਮਾਰਗ ਤੇ ਕਸਬਾ ਆਦਮਪੁਰ ਦੁਆਬਾ ਦੇ ਬਿਲਕੁਲ ਨਾਲ ਘੁੱਗ ਵੱਸਦਾ ਹੈ। ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਵਿਚ ਇਸ ਮਾਣਮੱਤੇ ਪਿੰਡ ਦਾ ਵਿਸ਼ੇਸ਼ ਨਾਂ ਹੈ। ਚਿੜੀ ਦੇ ਪੌਂਚੇ ਜਿੱਡੇ ਇਸ ਪਿੰਡ ਵਿਚ ਪੈਦਾ ਹੋਏ ਦੇਸ਼ ਭਗਤਾਂ ਦੀ ਇਕ ਲੰਬੀ ਕਤਾਰ ਹੈ। ਇਸ ਪਿੰਡ ਦੇ ਅੱਧੇ ਸੈਂਕੜੇ ਤੋਂ ਵੱਧ ਜਾਂਬਾਜ਼ਾਂ ਨੇ ਦੇਸ਼ ਦੀ ਆਜ਼ਾਦੀ ’ਚ ਹਿੱਸਾ ਪਾਇਆ। ਇਸੇ ਨਗਰ ਦੀ ਮਿੱਟੀ ਦਾ ਇਕ ਨਿਧੜਕ ਸਿਪਾਹੀ ਸੀ ਭਾਈ ਬਲਵੰਤ ਸਿੰਘ, ਜਿਸ ਬਾਰੇ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਸਰ ਉਡਵਾਇਰ ਨੇ ਆਪਣੀ ਇਕ ਕਿਤਾਬ ਵਿਚ ਲਿਖਿਆ ਹੈ:

" ਅਤੇ ਇਸ ਤੀਸਰੇ ਬੰਦੇ ਦੇ ਤੌਰ ਤਰੀਕੇ ਇਕ ਖ਼ਤਰਨਾਕ ਇਨਕਲਾਬੀ ਵਰਗੇ ਜਾਪਦੇ ਸਨ। ਉਹ ਵਾਇਸਰਾਏ ਨੂੰ ਮਿਲਣਾ ਚਾਹੁੰਦੇ ਸਨ। ਉਨ੍ਹਾਂ ਨੂੰ ਵਾਇਸਰਾਏ ਕੋਲ ਭੇਜਦਿਆਂ ਮੈਂ ਵਾਇਸਰਾਏ ਨੂੰ ਇਸ ਤੀਸਰੇ ਬੰਦੇ ਤੋਂ ਖਾਸ ਤੌਰ ਤੇ ਸਾਵਧਾਨ ਰਹਿਣ ਲਈ ਆਖਿਆ..।’’

ਭਾਈ ਬਲਵੰਤ ਸਿੰਘ ਦਾ ਜਨਮ 15 ਸਤੰਬਰ 1882 ਈ: ਨੂੰ ਪਿੰਡ ਖੁਰਦਪੁਰ ਜ਼ਿਲ੍ਹਾ ਜਲੰਧਰ ਵਿਖੇ ਪਿਤਾ ਸ. ਬੁੱਧ ਸਿੰਘ ਦੇ ਘਰ ਹੋਇਆ। ਬੁੱਧ ਸਿੰਘ ਦਾ ਪਰਿਵਾਰ ਖਾਂਦਾ ਪੀਂਦਾ ਪਰਿਵਾਰ ਸੀ। ਘਰ ਵਿਚ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਸੀ। ਮੁਢਲੀ ਵਿੱਦਿਆ ਬਲਵੰਤ ਸਿੰਘ ਨੇ ਖੁਰ-ਦਪੁਰ ਨਾਲ ਲੱਗਦੇ ਕਸਬੇ ਆਦਮਪੁਰ ਤੋਂ ਪ੍ਰਾਪਤ ਕੀਤੀ। ਇਸ ਤੋਂ ਛੇਤੀ ਬਾਅਦ ਛੋਟੀ ਉਮਰ ਵਿਚ ਹੀ ਆਪ ਦੀ ਸ਼ਾਦੀ ਕਰ ਦਿੱਤੀ ਗਈ। ਪਰ ਇਹ ਸ਼ਾਦੀ ਕਾਮਯਾਬ ਨਾ ਰਹੀ। ਕਿਸੇ ਭਿਆਨਕ ਬਿਮਾਰੀ ਦੀ ਲਪੇਟ ਵਿਚ ਆ ਜਾਣ ਕਾਰਨ ਆਪ ਦੀ ਪਤਨੀ ਦੀ ਮੌਤ ਹੋ ਗਈ।

ਇਹ ਵੀਹਵੀਂ ਸਦੀ ਦੇ ਸ਼ੁਰੂਆਤੀ ਦਿਨਾਂ ਦੀਆਂ ਗੱਲਾਂ ਹਨ। ਅੰਗਰੇਜ਼ਾਂ ਦਾ ਝੰਡਾ ਇਹਨੀਂ ਦਿਨੀਂ ਪੂਰੀ ਦੁਨੀਆਂ ’ਤੇ ਝੂਲ ਰਿਹਾ ਸੀ। ਸੱਤਾ ਦੇ ਨਸ਼ੇ ਵਿਚ ਹੰਕਾਰੀ ਵਿਦੇਸ਼ੀ ਹਕੂਮਤ ਨੇ ਹਿੰਦੁਸਤਾਨ ਦੇ ਹਰ ਤਬਕੇ ਤੇ ਆਪਣਾ ਸ਼ਿਕੰਜਾ ਕਸਣਾ ਸ਼ੁਰੂ ਕਰ ਦਿੱਤਾ। ਕਿਸਾਨਾਂ ਨੂੰ ਉਹਨਾਂ ਦੀਆਂ ਉਪਜਾਂ ਦਾ ਪੂਰਾ ਮੁੱਲ ਨਹੀਂ ਸੀ ਮਿਲ ਰਿਹਾ, ਮਾਲੀਏ ਵਿਚ ਆਏ ਦਿਨ ਭਾਰੀ ਵਾਧਾ ਹੋ ਰਿਹਾ ਸੀ, ਮਜ਼ਦੂਰਾਂ ਨੂੰ ਕਾਰਖ-ਾਨਿਆਂ ਵਿਚ ਓਵਰ ਟਾਈਮ ਲਾ ਲਾ ਕੇ ਵੀ ਪੂਰੀ ਉਜ਼ਰਤ ਨਹੀਂ ਸੀ ਮਿਲ ਰਹੀ, ਹਿੰਦੁਸਤਾਨੀਆਂ ਦੇ ਧਾਰਮਿਕ ਮਸ-ਲਿਆਂ ਵਿਚ ਦਖਲਅੰਦਾਜ਼ੀ ਹੋ ਰਹੀ ਸੀ। ਅੰਗਰੇਜ਼ੀ ਹਕੂਮਤ ਤੋਂ ਲੱਗਭੱਗ ਸਮਾਜ ਦਾ ਹਰ ਵਰਗ ਦੁਖੀ ਸੀ । ਖੇਤੀ ਦੇ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋਣ ਕਾਰਨ ਭਾਈ ਬਲਵੰਤ ਸਿੰਘ ਫੌਜ ਵਿਚ ਭਰਤੀ ਹੋ ਗਏ। ਪਰ ਆਪ ਆਜ਼ਾਦ ਤਬੀਅਤ ਦੇ ਮਾਲਕ ਹੋਣ ਕਾਰਨ ਫੌਜ ਵਿਚ ਦੋਹਰੀ ਗੁਲਾਮੀ ਝੱਲਣ ਤੋਂ ਮੁਨਕਰ ਸਨ, ਇਸ ਲਈ ਅਸਤੀਫ਼ਾ ਦੇ ਕੇ ਘਰ ਆ ਗਏ। ਘਰ ਆ ਕੇ ਵੀ ਆਪਦਾ ਮਨ ਨਾ ਲੱਗਾ ਤੇ ਵਿਦੇਸ਼ ਜਾਣ ਦੀਆਂ ਸਕੀਮਾਂ ਬਣਾਉਣ ਲੱਗੇ। 1906 ਈ: ਵਿਚ ਆਪ ਹਾਂਗਕਾਂਗ ਰਾਹੀਂ ਹੋ ਕੇ ਵੈਨਕੂਵਰ ਪੁੱਜ ਗਏ। ਇੱਥੇ ਪੁੱਜਦਿਆਂ ਹੀ ਆਪ ਆਰਾ ਮਿੱਲ ਤੇ ਲੱਗ ਗਏ। ਭਾਈ ਬਲਵੰਤ ਸਿੰਘ ਨੂੰ ਸ਼ੁਰੂ ਤੋਂ ਹੀ ਆਪਣੀ ਮਿੱਟੀ ਆਪਣੇ ਵਤਨ ਨਾਲ ਬਹੁਤ ਮੁਹੱਬਤ ਸੀ। ਕਿਸੇ ਹਮਵਤਨੀ ਨਾਲ ਹੁੰਦੀ ਵਧੀਕੀ ਦੇਖ ਕੇ ਆਪਦਾ ਮਨ ਪਸੀਜ ਜਾਂਦਾ ਸੀ। ਵਿਦੇਸ਼ੀ ਧਰਤੀ ’ਤੇ ਵੀ ਗੁਲਾਮੀ ਨੇ ਆਪਣਾ ਪਿੱਛਾ ਨਾ ਛੱਡਿਆ। ਇਸ ਸਮੇਂ ਤੱਕ ਆਪ ਦਾ ਮੇਲ ਜੀ. ਡੀ. ਕੁਮਾਰ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਨਾਲ ਵੀ ਹੋ ਚੁੱਕਾ ਸੀ। ਇਹ ਦੋਵੇਂ ਬਹੁਤ ਪੜ੍ਹੇ-ਲਿਖੇ ਸੱਜਣ ਸਨ ਅਤੇ ਗ਼ੁਲਾਮੀ ਦੀਆਂ ਬੇੜੀਆਂ ਨੂੰ ਕੱਟਣ ਦੀਆਂ ਵਿਉਂਤਾਂ ਬਣਾਉਂਦੇ ਰਹਿੰਦੇ ਸਨ। ਇਹਨਾਂ ਦੇ ਮੇਲ ਮਿਲਾਪ ਨੇ ਆਪ ਦੇ ਮਨ ਵਿਚ ਵੀ ਕ੍ਰਾਂਤੀਕਾਰੀ ਜਜ਼ਬਾ ਭਰ ਦਿੱਤਾ। ਕਾਰਖਾਨਿਆਂ, ਆਰਾ ਮਿੱਲਾਂ ਅਤੇ ਰਾਤ ਨੂੰ ਪ੍ਰਵਾਸੀਆਂ ਦੀਆਂ ਰਿਹਾਇਸ਼ਾਂ ਤੇ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

1908 ਈ: ਵਿਚ ਵੈਨਕੂਵਰ ਵਿਖੇ ਉਤਰੀ ਅਮਰੀਕਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਿਆ। ਇਸ ਗੁਰਦੁਆਰੇ ਦੇ ਨਿਰਮਾਣ ਵਿਚ ਭਾਈ ਬਲਵੰਤ ਸਿੰਘ ਦਾ ਬਹੁਤ ਵੱਡਾ ਯੋਗਦਾਨ ਸੀ। ਭਾਈ ਬਲਵੰਤ ਸਿੰਘ ਇਸ ਗੁਰਦੁਆਰੇ ਦੇ ਪਹਿਲੇ ਗ੍ਰੰਥੀ ਬਣੇ। ਗਦਰ ਪਾਰਟੀ ਦੇ ਕਾਰਕੁੰਨਾਂ ਦੀਆਂ ਮੀਟਿੰਗਾਂ ਅਕਸਰ ਇਸੇ ਗੁਰਦੁਆਰੇ ਹੁੰ-ਦੀਆਂ ਸਨ। ਹਿੰਦੁਸਤਾਨੀ ਖਾਸ ਕਰਕੇ ਪੰਜਾਬੀ ਸ਼ੁਰੂ ਤੋਂ "ਦੱਬ ਕੇ ਵਾਹੁਣ ਅਤੇ ਰੱਜ ਕੇ ਖਾਣ’’ ਦੇ ਸੁਭਾਅ ਦੇ ਮਾਲਕ ਸਨ। ਕੈਨੇਡਾ ਵਿਚ ਇਹਨਾਂ ਨੇ ਸਖਤ ਘਾਲਣਾ ਕਰਕੇ ਜ਼ਮੀਨਾਂ ਜਾਇਦਾਦਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਬਲਵੰਤ ਸਿੰਘ ਨੇ ਆਪਣੇ ਸਹਿਯੋਗੀ ਸੱਜਣਾਂ ਨਾਲ ਮਿਲ ਕੇ 'ਗੁਰੂ ਨਾਨਕ ਮਾਇਨਿੰਗ ਐਂਡ ਟਰੱਸਟ’ ਕੰਪਨੀ ਬਣਾਈ। ਇਸ ਜ਼ਰੀਏ ਵੀ ਇਹਨਾਂ ਨੇ ਕਾਫੀ ਕਮਾਈ ਕੀਤੀ ਅਤੇ ਇਸ ਕਮਾਈ ਨੂੰ ਦੇਸ਼ ਦੀ ਆਜ਼ਾਦੀ ਲਈ ਵਿੱਢੇ ਅੰ-ਦੋਲਨਾਂ ’ਤੇ ਲਾਇਆ।

ਪੰਜਾਬੀਆਂ ਦੀ ਹੱਕ ਹਲਾਲ ਦੀ ਕਮਾਈ ਨੂੰ ਵੀ ਕੈਨੇਡਾ ਦੀ ਅੰਗਰੇਜ਼ੀ ਹਕੂਮਤ ਝੱਲ ਨਾ ਸਕੀ। ਉਹ ਸੋਚਦੀ ਸੀ ਕਿ ਜੇਕਰ ਇਹਨਾਂ ਨੂੰ ਨਾ ਰੋਕਿਆ ਗਿਆ ਤਾਂ ਇਹ ਕਮਾਈ ਕਰ ਕਰਕੇ ਸਾਡੇ ਸਿਰ ’ਤੇ ਬੈਠਣਗੇ। ਆਪਣੇ ਬਾਲ ਬੱਚਿਆਂ ਨੂੰ ਵੀ ਇੱਧਰ ਸੱਦਣਗੇ। ਇਸ ਆਉਣ ਵਾਲੀ ਸਮੱਸਿਆ ਤੋਂ ਬਚਣ ਲਈ ਕੈਨੇਡਾ ਸਰਕਾਰ ਨੇ ਕੈਨੇਡਾ ਆਉਣ ਵਾਲੇ ਹਿੰਦੁਸਤਾਨੀਆਂ ਤੇ "ਸਿੱਧੇ ਸਫ਼ਰ’’ ਦੀ ਸ਼ਰਤ ਲਗਾ ਦਿੱਤੀ। ਭਾਈ ਬਲਵੰਤ ਸਿੰਘ ਹਿਸ ਮਾਨਵ ਮਾਰੂ ਕਾਨੂੰਨ ਦੇ ਖਿਲਾਫ ਖੜ੍ਹੇ ਹੋ ਗਏ ਅਤੇ ਇਸ ਕਾਨੂੰਨ ਨੂੰ ਚੁਣੌਤੀ ਦੇਣ ਲਈ ਆਪ ਨੇ ਹਿੰਦੁਸਤਾਨ ਆ ਕੇ ਆਪਣਾ ਪਰਿਵਾਰ ਵਿਦੇਸ਼ ਲਿਆਉਣ ਦਾ ਫੈਸਲਾ ਕੀਤਾ। 1909 ਈ: ਦੇ ਅਖੀਰ ਤੇ ਆਪ ਹਿੰਦੁਸਤਾਨ ਪਹੁੰਚ ਗਏ।

ਕੈਨੇਡਾ ਦਾ ਸਰਕਾਰੀ ਤੰਤਰ ਖਾਸ ਕਰਕੇ ਮਿਸਟਰ ਹਾਪਕਿਨਸਨ ਆਪ ਤੇ ਪੂਰੀ ਨਜ਼ਰ ਰੱਖ ਰਿਹਾ ਸੀ। ਉਸ ਹਿੰਦੁਸਤਾਨ ਦੇ ਵਾਇਸਰਾਏ ਨੂੰ ਵੀ ਭਾਈ ਬਲਵੰਤ ਸਿੰਘ ਦੇ ਇਰਾਦੇ ਤੋਂ ਪੱਤਰ ਰਾਹੀਂ ਜਾਣੂ ਕਰਵਾਇਆ। ਪਰ ਭਾਈ ਬਲਵੰਤ ਸਿੰਘ ਇਕ ਨਿਡਰ ਯੋਧਾ ਸੀ। ਉਸਨੂੰ ਇਸ ਤਰ੍ਹਾਂ ਦੀਆਂ ਕਾਰਵਾਈਆਂ ਦੀ ਕੋਈ ਪਰਵਾਹ ਨਹੀਂ ਸੀ। ਹਿੰਦੁਸਤਾਨ ਆ ਕੇ ਇਹਨਾਂ ਨੇ ਆਪਣੀ ਗੱਲ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ। ਵਿਦੇਸ਼ਾਂ ਵਿਚ ਹੁੰਦੀ ਹਿੰਦੁਸਤਾਨੀਆਂ ਦੀ ਦੁਰਗਤੀ ਬਾਰੇ ਵੀ ਕ੍ਰਾਂਤੀਕਾਰੀਆਂ ਨਾਲ ਮੱਦਾਂ ਵਿਚਾਰੀਆਂ। ਹਿੰਦੁਸਤਾਨ ਆ ਕੇ ਆਪ ਇਕ ਮਿੰਟ ਲਈ ਵੀ ਸਥਿਰ ਨਹੀਂ ਹੋਏ। ਦੇਸ਼ ਭਗਤਾਂ ਨਾਲ ਮੀਟਿੰਗਾਂ ਕਰਕੇ ਆਪ ਆਪਣਾ ਸੁਨੇਹਾ ਇੰਝ ਦਿੰਦੇ ਰਹੇ:-

ਉੱਠੋ ਹਿੰਦ ਭਾਈਓ ਉਤਾਂਹ ਨਜ਼ਰ ਮਾਰੋ,
ਹੁੰਦਾ ਹਾਲ ਕੀ ਤੁਸਾਂ ਪਿਆਰਿਆਂ ਦਾ।
ਏਹਨਾਂ ਜ਼ਾਲਮਾਂ ਮੁਲਕ ਤਬਾਹ ਕੀਤਾ,
ਖਾਕਸ਼ਾਹ ਕੀਤਾ ਗੁਲਸ਼ਨ ਕਿਆਰਿਆਂ ਦਾ।
ਜ਼ਾਹਰਾ ਪਿਆਰ ਪਾ ਕੇ ਦਗੇਬਾਜ਼ ਕਾਫ਼ਰ,
ਪੇਟ ਚਾਕ ਕੀਤਾ ਸ਼ਸ਼ਤਰਧਾਰੀਆਂ ਦਾ।
ਸਿੰਘੋ ਵਾਸਤਾ ਰੱਬ ਦਾ ਮੰਨ ਜਾਓ,
ਲੜ ਛੱਡ ਦਿਓ ਭੈੜੇ ਕਾਰਿਆਂ ਦਾ।
ਹੋ ਕੇ ਸ਼ੇਰ ਕਿਉਂ ਹੌਸਲਾ ਹਾਰ ਬੈਠੇ,
ਕੰਮ ਪਕੜਿਆ ਤੁਸਾਂ ਨਕਾਰਿਆਂ ਦਾ।
ਮੰਦੇ ਹਾਲ ਦੇ ਜੀਊਣ ਥੀਂ ਮਰਨ ਚੰਗਾ,
ਇਹੋ ਕੌਲ ਹੈ ਸੂਰਿਆਂ ਸਾਰਿਆਂ ਦਾ।

ਬੇਅਣਖ ਹੋਣ ਨਾਲੋਂ ਤਾਂ ਮਰਨਾ ਚੰਗਾ ਹੈ। ਇਸੇ ਅਣਖ ਨੂੰ ਪੁਗਾਉਣ ਖਾਤਰ ਆਪ ਆਪਣੀ ਪਤਨੀ ਅਤੇ ਦੋਸਤ ਭਾਗ ਸਿੰਘ ਦੇ ਪਰਿਵਾਰ ਸਮੇਤ ਵੈਨਕੂਵਰ ਜਾਣ ਲਈ ਨਿਕਲ ਤੁਰੇ। ਪ੍ਰਸ਼ਾਸਨ ਦੀ ਆਪ ਉਪਰ ਪੂਰੀ ਨਿਗਾਹ ਸੀ। ਉਹਨਾਂ ਨੇ ਕਲਕੱਤੇ, ਰੰਗੂਨ, ਹਾਂਗਕਾਂਗ ਤੋਂ ਵੈਨਕੂਵਰ ਲਈ ਟਿਕਟ ਖਰੀਦਣ ਦੀ ਕੋਸ਼ਿਸ਼ ਕੀਤੀ ਪਰ ਕਿਤਿਉਂ ਵੀ ਇਹਨਾਂ ਕੋਸ਼ਿਸ਼ਾਂ ਨੂੰ ਬੂਰ ਨਾ ਪਿਆ। ਬੜੀ ਮੁਸ਼ਕਿਲ ਨਾਲ ਇਹਨਾਂ ਨੇ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਲਈ ਟਿਕਟਾਂ ਖਰੀਦ ਲਈਆਂ। ਪਰ ਇਨਾਂ ਨੂੰ ਇੱਥੇ ਨਾ ਉਤਰਨ ਦਿੱਤਾ ਗਿਆ। ਕਈ ਮਹੀਨਿਆਂ ਦੀ ਖੱਜਲ ਖੁਆਰੀ ਤੋਂ ਬਾਅਦ ਇਹਨਾਂ ਨੂੰ ਵਾਪਸ ਹਾਂਗਕਾਂਗ ਭੇਜ ਦਿੱਤਾ ਗਿਆ। ਭਾਈ ਬਲਵੰਤ ਸਿੰਘ ਬੜਾ ਹਠੀ ਸੀ। ਅੰਤ ਦਸੰਬਰ 1911 ਵਿਚ ਵੈਨਕੂਵਰ ਦੀਆਂ ਟਿਕਟਾਂ ਲੈਣ ਵਿਚ ਕਾਮਯਾਬ ਹੋ ਗਿਆ। ਇੱਥੇ ਆ ਕੇ ਵੀ ਇਹਨਾਂ ਨੂੰ ਲੰਮੀ ਕਾਨੂੰਨੀ ਲੜਾਈ ਲੜਨੀ ਪਈ। ਭਾਈ ਬਲਵੰਤ ਸਿੰਘ ਜਦੋਂ ਸਫ਼ਰ ਦੌਰਾਨ ਦਰ ਦਰ ਭਟਕ ਰਹੇ ਸਨ ਤਾਂ ਉਸ ਸਮੇਂ ਇਹਨਾਂ ਦੀ ਪਤਨੀ ਗਰਭਵਤੀ ਸੀ। ਜਦੋਂ ਵੈਨਕੂਵਰ ਦੇ ਗੁਰਦੁਆਰੇ ਪਹੁੰਚੇ ਤਾਂ ਇਹਨਾਂ ਦੇ ਘਰ ਇਕ ਪੁੱਤਰ ਪੈਦਾ ਹੋਇਆ।

ਅਪ੍ਰੈਲ 1913 ਈ: ਨੂੰ ਗ਼ਦਰ ਪਾਰਟੀ ਦੀ ਸਥਾਪਨਾ ਹੋ ਚੁੱਕੀ ਸੀ। ਧੜਾਧੜ ਹਿੰਦੁਸਤਾਨੀ ਆਪਣੀ ਜਾਨ ਤਲੀ ’ਤੇ ਧਰ ਕੇ ਇਸ ਦੇ ਮੈਂਬਰ ਬਣ ਰਹੇ ਸਨ। ਭਾਈ ਬਲਵੰਤ ਸਿੰਘ ਦੇ ਮਨ ਨੂੰ ਚੈਨ ਨਹੀਂ ਸੀ ਆ ਰਹੀ। ਜੁਲਾਈ 1913 ਈ: ਵਿਚ ਆਪਣੇ ਸਾਥੀਆਂ ਨਾਲ ਇਹ ਵੱਖ ਵੱਖ ਦੇਸ਼ਾਂ ਵਿਚ ਮੀਟਿੰਗਾਂ ਪ੍ਰਚਾਰ ਕਰਦੇ ਫਿਰਦੇ ਲਾਹੌਰ ਆ ਗਏ। ਲਾਹੌਰ ਵੀ ਦੇਸ਼ ਭਗਤਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਸੀ। ਦੇਸੀ ਦੇਸ ਭਗਤਾਂ ਦੇ ਰੋਹ ਨੂੰ ਪ੍ਰਚੰਡ ਕਰਕੇ ਆਪ 'ਕਾਮਾਗਾਟਾਮਾਰੂ’ ਜਹਾਜ਼ ਦੇ ਮਾਲਕ ਬਾਬਾ ਗੁਰਦਿੱਤ ਸਿੰਘ ਨੂੰ ਜਾਪਾਨ ਵਿਚ ਮਿਲੇ ਅਤੇ ਮਦਦ ਦਾ ਭਰੋਸਾ ਦਿ-ਵਾਇਆ। ਇਸ ਜਹਾਜ਼ ਵਿਚ 376 ਮੁਸਾਫਿਰ ਸਨ।

ਪਰ ਕੈਨੇਡਾ ਦੀ ਸਰਕਾਰ ਨੇ ਇਸ ਜਹਾਜ਼ ਦੇ ਮੁਸਾਫਰਾਂ ਨੂੰ ਉਤਰਨ ਦੀ ਇਜਾਜ਼ਤ ਨਾ ਦਿੱਤੀ ਤੇ ਵਾਪਸ ਮੋੜ ਦਿੱਤਾ। ਇਸ ਘਟਨਾ ਨਾਲ ਗਦਰ ਪਾਰਟੀ ਦੇ ਸਾਰੇ ਕਾਰਕੁੰਨਾਂ ਵਿਚ ਰੋਸ ਫੈਲ ਗਿਆ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਦੀ ਮਦਦ ਲਈ ਇਕ 'ਸ਼ੋਅਰ ਕਮੇਟੀ’ ਜਿਸਦੇ 15 ਮੈਂਬਰ ਸਨ, ਦਾ ਗਠਨ ਕੀਤਾ ਗਿਆ।

ਭਾਈ ਬਲਵੰਤ ਸਿੰਘ ਇਸ ਕਮੇਟੀ ਦੇ ਮੈਂਬਰ ਸਨ। ਇਹਨਾਂ ਦੀ ਡਿਊਟੀ ਕਮੇਟੀ ਵੱਲੋਂ ਮੁਸਾਫਰਾਂ ਨੂੰ ਗ਼ਦਰੀ ਸਾਹਿਤ ਅਤੇ ਗੋਲੀ ਸਿੱਕਾ ਪਹੁੰਚਾਉਣ ਤੇ ਲੱਗੀ। ਆਪ ਬਾਬੂ ਹਰਨਾਮ ਸਿੰਘ ਤੇ ਭਾਗ ਸਿੰਘ ਦੇ ਨਾਲ ਅਮਰੀਕਾ ਨੂੰ ਹਥਿਆਰ ਖਰੀਦਣ ਚਲੇ ਗਏ। ਉਥੇ 17 ਜੁਲਾਈ 1914 ਨੂੰ ਆਪ ਸਾਥੀਆਂ ਸਮੇਤ ਹਥਿਆਰਾਂ ਸਹਿਤ ਗ੍ਰਿਫਤਾਰ ਕਰ ਲਏ ਗਏ। ਅਮਰੀਕਾ ਵਿਚ ਹਥਿਆਰ ਰੱਖਣੇ ਮਨ੍ਹਾ ਨਹੀਂ ਸਨ। ਇਸ ਲਈ ਆਪ ਰਿਹਾਅ ਹੋ ਗਏ।

ਇਸੇ ਦੌਰਾਨ ਅਗਸਤ 1914 ਨੂੰ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ। ਇਸਦੇ ਇੰਨੀ ਛੇਤੀ ਸ਼ੁਰੂ ਹੋਣ ਦੀ ਆਸ ਨਹੀਂ ਸੀ। ਗਦਰ ਪਾਰਟੀ ਦੀ ਉਮਰ ਮਸਾਂ ਸਾਲ ਕੁ ਦੀ ਸੀ। ਸੋ ਇਸਦੇ ਮੈਂਬਰਾਂ ਨੇ ਸੋਚ ਵਿਚਾਰ ਕਰਕੇ ਇਸ ਯੁੱਧ ਦਾ ਲਾਹਾ ਲੈਣ ਵਜਂ ਅੰਗਰੇਜ਼ੀ ਹਕੂਮਤ ਵਿਰੁੱਧ ਬਗਾਵਤ ਦਾ ਐਲਾਨ ਕਰ ਦਿੱਤਾ। ਵਿਦੇਸ਼ਾਂ ਵਿਚ ਖੂਨ ਪਸੀਨੇ ਨਾਲ ਕੀਤੀਆਂ ਕਮਾਈਆਂ ਨੂੰ ਠੁੱਡ ਮਾਰ ਕੇ ਗ਼ਦਰੀ ਸੂਰਮਿ-ਆਂ ਨੇ ਦੇਸ਼ ਵੱਲ ਵਹੀਰਾਂ ਘੱਤ ਦਿੱਤੀਆਂ। ਦੇਸ਼ ਭਗਤਾਂ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਦਾ ਡਾਢਾ ਚਾਅ ਸੀ। ਭਾਈ ਬਲਵੰਤ ਸਿੰਘ ਵੀ ਸਿਆਮ ਤੋਂ ਹੁੰਦੇ ਹੋਏ ਬੈਂਕਾਕ ਪੁੱਜ ਗਏ। ਸਿਹਤ ਖਰਾਬ ਹੋਣ ਕਰਕੇ ਇੱਥੇ ਆਪ ਨੂੰ ਕੁਝ ਦਿਨ ਹਸਪਤਾਲ ਦਾਖਲ ਵੀ ਹੋਣਾ ਪਿਆ। ਵੱਖ ਵੱਖ ਦੇਸ਼ਾਂ ਪ੍ਰਾਂਤਾਂ ਵਿਚ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਮੋਰਚੇ ਸੰਭਾਲੇ ਹੋਏ ਸਨ। ਪਰ ਇਸ ਸਮੇਂ ਤੱਕ ਕੁਝ ਗ਼ਦਾਰ ਵੀ ਪਾਰਟੀ ਵਿਚ ਆ ਮਿਲੇ ਸਨ। ਇਹਨਾਂ ਨੇ ਲਾਲਚ ਵਿਚ ਆ ਕੇ ਗ਼ਦਰ ਦੀ ਤਾਰੀਕ ਹਕੂਮਤ ਕੋਲ ਨਸ਼ਰ ਕਰ ਦਿੱਤੀ। ਸਰਕਾਰ ਚੌਕੰਨੀ ਹੋ ਗਈ। ਫੜੇ ਗਏ ਗ਼ਦਰੀ ਸਾਹਿਤ ਨੇ ਉਸਨੂੰ ਹੋਰ ਵੀ ਗੰਭੀਰ ਕਰ ਦਿੱਤਾ। ਪਹਿਲੀ ਅਗਸਤ 1915 ਨੂੰ ਸਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ। ਭਾਈ ਸਾਹਿਬ ਉਪਰ ਬਹੁਤ ਜ਼ੁਲਮ ਢਾਹਿਆ ਗਿਆ। ਸਾਥੀਆਂ ਅਤੇ ਪਾਰਟੀ ਦੇ ਟਿਕਾਣਿਆਂ ਸਬੰਧੀ ਪੁੱਛਿਆ ਗਿਆ ਪਰ ਆਪ ਨੇ ਇਕ ਸ਼ਬਦ ਵੀ ਨਾ ਬੋਲਿਆ। ਜ਼ਰਾ ਵੀ ਆਪਣੇ ਧਰਮ ਤੋਂ ਨਾ ਥਿੜਕੇ। ਜੁਲਾਈ 1916 ਨੂੰ ਆਪ ਨੂੰ ਪੰਜਾਬ ਲਿਆਂਦਾ ਗਿਆ ਤੇ ਦੂਜੇ ਲਾਹੌਰ ਕਾਂਸਪੀਰੇਸੀ ਕੇਸ ਵਿਚ ਸ਼ਾਮਲ ਕਰ ਲਿਆ ਗਿਆ। ਭਾਈ ਵਤਨ ਸਿੰਘ ਕਾਹਰੀ ਪਾਸੋਂ ਪੁਲਿਸ ਨੂੰ ਮਿਲੀ ਭਾਈ ਬਲਵੰਤ ਸਿੰਘ ਦੀ ਡਾਇਰੀ ਅਤੇ ਕੈਨੇਡਾ ਤੋਂ ਆਏ ਬੇਲਾ ਸਿੰਘ ਜਿਆਣ ਦੀ ਗਵਾਹੀ ਨੇ ਭਾਈ ਬਲਵੰਤ ਸਿੰਘ ਨੂੰ ਫਾਂਸੀ ਦੀ ਸਜ਼ਾ ਦਿਵਾਈ। ਸਰਕਾਰ ਨੂੰ ਆਪ ਦਾ ਬੜਾ ਭੈਅ ਸੀ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਵਾਂਗ ਆਪ ਨੂੰ ਵੀ ਫਾਂਸੀ ਨਿਸਚਿਤ ਮਿਤੀ ਤੋਂ ਇਕ ਦਿਨ ਪਹਿਲਾਂ 29 ਮਾਰਚ 1917 ਨੂੰ ਦੇ ਦਿੱਤੀ ਗਈ। ਜੇਲ੍ਹ ਵਿਚ 30 ਮਾਰਚ ਨੂੰ ਮਿਲਣ ਆਈ ਆਪ ਦੀ ਪਤਨੀ 'ਫਾਂਸੀ ਦੇ ਦਿੱਤੀ ਗਈ ਹੈ’ ਖ਼ਬਰ ਸੁਣ ਕੇ ਉਦਾਸੀ ਦੇ ਆਲਮ ਵਿਚ ਡੁੱਬ ਗਈ। ਪਰ ਉਸ ਬਹਾਦਰ ਔਰਤ ਨੇ ਅੱਖਾਂ ਨਹੀਂ ਸਿੱਲ੍ਹੀਆਂ ਹੋਣ ਦਿੱਤੀਆਂ। ਗ਼ਦਰ ਪਾਰਟੀ ਦਾ ਇਹ ਥੰਮ ਅਤੇ ਹਠੀ ਯੋਧਾ ਹਿੰਦੁਸਤਾਨੀਆਂ ਲਈ ਲਾਲ ਸਲਾਮ ਦਾ ਭਾਗੀਦਾਰ ਬਣਿਆ ਰਹੇਗਾ।

## ਹਿੰਦੁਸਤਾਨ ਪਾਕਿਸਤਾਨ



ਹਰਦੀਪ ਰੂਪੋਵਾਲ
94634-37175

ਜਦੋ ਇਕ ਸੀ ਹਿੰਦੁਸਤਾਨ, ਪਾਕਿਸਤਾਨ, ਉਚੀ ਸੀ ਆਨ ਤੇ ਸ਼ਾਨ
ਟੁਕੜੇ ਕੀਤੇ ਇੰਗਲਿਸ਼ਤਾਨ, ਵਾਂਗ ਤਜਾਕਿਸਤਾਨ, ਕਜ਼ਾਕਿਸਤਾਨ
ਇੰਡੀਆ ਚ ਡੂੰਘੀ ਜਾਤਾਂ ਦੀ ਖਾਨ, ਨਕਸਲੀ ਤੂਫਾਨ, ਵਿਕਿਆ ਇਮਾਨ
ਕਈ ਤਾਂ ਚੰਗੇ, ਕਈ ਬੇਈਮਾਨ, ਚਲਾਂਦੇ ਕਿਰਪਾਨ ਤੇ ਲੈਂਦੇ ਜਾਨ ।

ਭਾਰਤ ਚ ਜਦ ਕਿਨੇ ਗੋਲੀ ਚਲਾਈ, ਜਨਤਾ ਚਿਲ੍ਲਾਈ, ਮਚੀ ਤਬਾਈ
ਨੇਤਾ ਕਹਿੰਦੇ ਇਹ ਆਈ ਐਸ ਆਈ, ਦੇਵੇ ਸਿਖਲਾਈ, ਓਹਦੀ ਅੱਗ ਲਾਈ
ਪਾਕਿਸਤਾਨ ਚ ਦਿੰਦੇ ਬੰਬ ਚਲਾ, ਲਾਸ਼ਾਂ ਵਿਛਾ, ਨਾ ਕੋਈ ਬਚਾ
ਲਾਹੋਰੋਂ ਕਹਿੰਦੇ ਇਹ ਇੰਡੀਆਂ ਰਾਅ, ਨਾ ਕੋਈ ਵਿਸਾਹ, ਤੋੜੇ ਸਾਡੇ ਚਾਅ ।

ਸ਼ਹਿਰ ਦਿਲੀ ਬੰਬੇ ਇਸਲਾਮਾਬਾਦ ਬੜੇ ਆਬਾਦ, ਲੋਕ ਅਜਾਦ
ਹੁਣ ਤਾਂ ਜਿਵੇਂ ਉਜੜੇ ਕਮਾਦ, ਹੋਏ ਕੋੜੇ ਸਲਾਦ, ਔਲਾਦ ਬਰਬਾਦ
ਇਹ ਜੋ ਚਲਦਾ ਆਤੰਕਵਾਦ, ਕਸ਼ਮੀਰ ਵਿਵਾਦ, ਇਹ ਚਿਕੜੀ ਗਾਦ
ਅਮ੍ਰਿਤ ਚ ਪਾਉਂਦੇ ਜਹਿਰੀ ਖਾਦ, ਬਣੇ ਜਲਾਦ, ਬੜੀ ਤਾਦਾਦ ।

ਦੋਨੋ ਪਾਸੇ ਗਰੀਬ ਵਥੇਰੇ, ਟੁਟੇ ਬਨੇਰੇ, ਜਿੰਦ ਹਨੇਰੇ
ਪੇਟ ਦੀ ਅੱਗ ਲਈ ਬਣੇ ਮਛੇਰੇ, ਕਈ ਸਪੇਰੇ, ਕਈ ਲੁਟੇਰੇ
ਟੁਟੇ ਸ਼ਗਨਾਂ ਦੇ ਉਲਟੇ ਫੇਰੇ, ਕਰਦੇ ਮੇਰਾ ਮੇਰੇ, ਕੋਈ ਨਾ ਤੋਲੇ ਤੇਰਾਂ ਤੇਰੇ
ਥਾਂ ਥਾਂ ਝੁਲਦੇ ਝਖੜ ਘਨੇਰੇ, ਦਿਲ ਫਿਕਰਾਂ ਘੇਰੇ, ਛਾਏ ਹਨੇਰੇ ।

## ਮਜ਼ਬੂਰ



ਸ਼ਿਵ ਕੁਮਾਰ ਬਾਵਾ
95929-54007

ਦੋਸਤੋ ਕੀ ਅਸੀਂ ਐਨੇ ਮਜ਼ਬੂਰ ਹੋ ਗਏ ਹਾਂ
ਕਿ ਲਾਲ ਪੱਗਾਂ ਵਾਲੇ ਸੰਗੀਨਾਂ ਦੇ ਮੂੰਹ ਦੇ ਮਾਸ
ਤੇ ਦਿਨ ਦਿਹਾੜੇ ਥਾਣਿਆਂ ’ ਚ
ਆਪਣੀਆਂ ਇੱਜ਼ਤਾਂ ਦੀ ਪੱਤ
ਲੁੱਟ ਹੁੰਦੀ ਵੇਖ ਵੀ
ਸ਼ਹਿਰ ਦੇ ਚੌਂਕ ’ਚ ਖੜ੍ਹੇ
ਬੇਸ਼ਰਮ ਪੱਥਰ ਦੇ ਬੁੱਤ ਵਾਂਗ ਬੇਦਰਦ ਹੋ ਗਏ ਹਾਂ
ਇਹ ਰੋਲਾ ,ਪਾਪ,ਕਹਿਰ ਸਭ ਕੀ ਹਨ
ਜੋ ਚਗਲ ਰਿਹਾ ਮਨੁੱਖੀ ਵਜੂਦ,
ਕਾਲ ਕੋਠੜੀ ’ ਚ ਬਘਿਆੜ ਪੁਲਸੀਆ
ਆਦਮ ਖੋਰ ਜੰਗਲੀ ਸ਼ੇਰ ਦੀ ਤਰ੍ਹਾਂ
ਚਿੱਟੇ ਦਿਨ ਪਾੜ ਰਿਹਾ ਹੈ ਮਨੁੱਖ ਨੂੰ
ਤੇ ਮਸ਼ਕਰੀਆਂ ਕਰਦੈ ਬਿੱਲਾ ਜਿਹਾ ਸੰਤਰੀ
ਝਾਂਸੀ ਦੀ ਰਾਣੀ ਜਿਹੀ ਬਹਾਦਰ ਪੰਜਾਬਣ ਨੂੰ
ਸਿਰਫ ਇੱਕ ਰਾਤ ਲਈ ਆਪਣੀ ਰਖੇਲ ਬਣਾਉਣਾ ਲੋਚਦੈ।
ਦੋਸਤੋ- ਕੀ ਅਸੀਂ ਮਜ਼ਬੂਰੀਆਂ ’ ਚ ਮਜ਼ਬੂਰ ਹਾਂ
ਜਾਂ ਇਸ ਕਹਿਰ ਨੂੰ ਸਹਿਣ ਕਰਨ ਦੇ ਆਦੀ ਹਾਂ
ਅਸੀਂ ਕੀ ਹਾਂ
ਸੱਭਿਅਕ ਸਮਾਜ ਅੰਦਰ ਪਲ ਰਹੇ
ਚਿੱਟੇ ਦੁੱਧ ਧੋਤੇ ਪਹਿਰਾਵਿਆਂ ਵਾਲੇ ਆਗੂਆਂ ਨੂੰ
ਕੁਰਸੀ ’ਤੇ ਬੈਠਾਉਣ ਵਾਲੇ ਮਜ਼ਬੂਰ ਹਾਂ।
ਇਨਕਲਾਬੀਏ ×ਕ੍ਰਾਂਤੀਕਾਰੀਏ ਜ਼ਰੂਰ ਸਾਂ
ਗ਼ਪਰ ਅੱਜ ਕੱਲ੍ਹ ਇਹਨਾਂ ਚਿੱਟੇ ਪਹਿਰਾਵਿਆਂ ਵਾਲੇ ਆਗੂਆਂ ਦੇ ਰਾਜ ਅੰਦਰ
ਇਹ ਦਹਿਸ਼ਤ ਭਰੀਆਂ ਜ਼ਿਆਦਤੀਆਂ ਸਹਿਣ ਵਾਲੇ ਮਜ਼ਬੂਰ ਹਾਂ।
ਸੋ ਦੋਸਤੋ
ਸੱਚ ਮੁੱਚ ਅਸੀਂ ਅੱਜ ਕੱਲ੍ਹ ਐਨੇ ਮਜ਼ਬੂਰ ਹਾਂ
ਕਿ ਸ਼ਹਿਰ ਦੇ ਚੌਂਕ ’ ਚ ਖੜ੍ਹੇ ਬੇਸ਼ਰਮ ਪੱਥਰ ਦੇ ਬੁੱਤ ਵਾਂਗ
ਬੇਦਰਦ ਹੋ ਗਏ ਹਾਂ।

## ਭਾਈ ਗੁਰਬਖਸ਼ ਸਿੰਘ ਦੇ ਸਮਰਥਨ ’ਚ ਆਏ ਪੰਜਾਬੀ ਗਾਇਕ

ਮੋਹਾਲੀ- ਆਪਣੀ ਸਜ਼ਾ ਪੂਰੀ ਕਰਨ ਦੇ ਬਾਵਜੂਦ ਜੇਲਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਮੋਹਾਲੀ ਵਿਖੇ ਭੁੱਖ ਹੜਤਾਲ ’ਤੇ ਬੈਠੇ ਭਾਈ ਗੁਰਬਖਸ਼ ਸਿੰਘ ਖਾਲਸਾ ਨੂੰ ਪੰਜਾਬੀ ਗਾਇਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ। ਗਿੱਪੀ ਗਰੇਵਾਲ, ਕੇ. ਐਸ. ਮੱਖਣ ਅਤੇ ਗੁਰਦਾਸ ਮਾਨ ਤੋਂ ਬਾਅਦ ਹੁਣ ਸ਼ੈਰੀ ਮਾਨ ਨੇ ਵੀ ਮੋਹਾਲੀ ਵਿਖੇ ਜਾ ਕੇ ਗੁਰਬਖਸ਼ ਸਿੰਘ ਖਾਲਸਾ ਵਲੋਂ ਕੀਤੇ ਜਾ ਰਹੀ ਇਸ ਭੁੱਖ ਹੜਤਾਲ ਨੂੰ ਆਪਣਾ ਸਮਰਥਨ ਦਿੱਤਾ ਹੈ। ਸ਼ੈਰੀ ਮਾਨ ਬੁੱਧਵਾਰ ਨੂੰ ਮੋਹਾਲੀ ਵਿਖੇ ਗੁਰਬਖਸ਼ ਸਿੰਘ ਨੂੰ ਮਿਲੇ ਅਤੇ ਉਨ੍ਹਾਂ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਸੰਬੰਧੀ ਸੂਚਨਾ ਸ਼ੈਰੀ ਮਾਨ ਨੇ ਆਪਣੀ ਫੇਸਬੁੱਕ ’ਤੇ ਵੀ ਸਾਂਝੀ ਕੀਤੀ ਹੈ। ਸ਼ੈਰੀ ਮਾਨ ਨੇ ਫੇਸਬੁੱਕ ਵਾਲ ’ਤੇ ਆਪਣੇ ਸੰਦੇਸ਼ ਵਿਚ ਲਿਖਿਆ ਹੈ ਕਿ ਭਾਈ ਗੁਰਬਖਸ਼ ਸਿੰਘ ਦੀ ਇਸ ਮੁਹਿੰਮ ਨੂੰ ਉਨ੍ਹਾਂ ਦਾ ਸਮਰਥਨ ਹੈ ਅਤੇ ਹੋਰਨਾਂ ਲੋਕਾਂ ਨੂੰ ਵੀ ਇਸ ਕੰਮ ਲਈ ਅੱਗੇ ਆਉਣਾ ਚਾਹੀਦਾ ਹੈ। ਗੁਰਬਖਸ਼ ਸਿੰਘ ਖਾਲਸਾ ਦੇ ਹੱਕ ਵਿਚ ਅੰਮ੍ਰਿਤਸਰ ਵਿਖੇ ਵੀ ਪ੍ਰਦਰਸ਼ਨ ਚੱਲ ਰਹੇ ਹਨ ਹਾਲਾਂਕਿ ਇਸ ਮਾਮਲੇ ਵਿਚ ਸੂਬੇ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਚੁੱਪ ਵੱਟ ਕੇ ਬੈਠੀਆਂ ਹਨ ਪਰ ਜਿਸ ਤਰੀਕੇ ਨਾਲ ਸੱਭਿਆਚਾਰਕ ਖੇਤਰ ਵਿਚ ਭਾਈ ਗੁਰਪਖਸ਼ ਸਿੰਘ ਦੀ ਮੁਹਿੰਮ ਨੂੰ ਸਮਰਥਨ ਮਿਲ ਰਿਹਾ ਹੈ ਉਸ ਨੂੰ ਵੇਖ ਕੇ ਲੱਗਦਾ ਹੈ ਕਿ ਇਹ ਮੁਹਿੰਮ ਆਉਣ ਵਾਲੇ ਸਮੇਂ ਵਿਚ ਜ਼ਿਆਦਾ ਜ਼ੋਰ ਫੜ ਸਕਦੀ ਹੈ।



# ਦੁਨੀਆਂ ਬਦਲਣ ਵਾਲਾ ਸਦੀ ਦਾ ਮਹਾਂਨਾਇਕ ਨੈਲਸਨ ਮੰਡੇਲਾ



**ਕੇ. ਕੇ. ਰੱਤੂ**

ਦੁਨੀਆਂ ਦੀ ਜੁਝਾਰੂ ਰੋਸ਼ਨੀ ਬੁਝ ਗਈ ਹੈ। ਵਿਸ਼ਵ ਦੇ ਕਰੋੜਾਂ ਰੰਗ-ਨਸਲ ਦੇ ਭੇਦਭਾਵ ਤੋਂ ਪੀੜਤ ਲੋਕਾਂ ਦਾ ਮਸੀਹਾ ਤੇ ਅਦਭੁੱਤ ਪ੍ਰੇਰਨਾ-ਸਰੋਤ ਨੈਲਸਨ ਮੰਡੇਲਾ ਵਿਦਾ ਹੋ ਗਿਆ ਹੈ। ਉਹ ਦੁਨੀਆਂ ਦੇ ਅਜਿਹੇ ਜ਼ਿੰਦਾ ਰਹਿਬਰ ਸਨ, ਜਿਨ੍ਹਾਂ ਦੇ ਬਰਾਬਰ ਦੀ ਕੋਈ ਹੋਰ ਮਿਸਾਲ ਨਹੀਂ ਹੈ। ਓਬਾਮਾ ਦਾ ਕਥਨ ਸੱਚ ਹੈ ਕਿ ਅਸੀਂ ਦੁਬਾਰਾ ਨੈਲਸਨ ਵਰਗੀ ਸ਼ਖ਼ਸੀਅਤ ਨਹੀਂ ਵੇਖ ਸਕਾਂਗੇ। ਰੰਗ ਭੇਦ ਖ਼ਿਲਾਫ਼ ਉਹ ਵਿਸ਼ਵ ਦੀ ਸਭ ਤੋਂ ਤਾਕਤਵਰ ਆਵਾਜ਼ ਸੀ। ਇੱਕ ਜਾਂਬਾਜ਼ ਮਸੀਹਾ, ਜਿਸਦੀ ਆਵਾਜ਼ ਵਿੱਚ ਉਹ ਥਰਥਰਾਹਟ ਸੀ ਜੋ ਗੜਗੜਾਹਟ ਪੈਦਾ ਕਰਦੀ ਸੀ। ਮੰਡੇਲਾ ਪਹਿਲੇ ਅਜਿਹੇ ਵਿਸ਼ਵ ਨੇਤਾ ਸਨ ਜਿਸਨੂੰ ਪੂਰੀ ਦੁਨੀਆਂ ਵਿੱਚ ਉਹ ਸਨਮਾਨ ਪ੍ਰਾਪਤ ਹੋਇਆ, ਜੋ ਇਸ ਤੋਂ ਪਹਿਲਾਂ ਕਿਸੇ ਦੇ ਹਿੱਸੇ ਨਹੀਂ ਆਇਆ।

ਗ਼ਰੀਬਾਂ ਅਤੇ ਲੋਕਤੰਤਰ ਦੀ ਆਵਾਜ਼ ਬਣੇ ਨੈਲਸਨ ਮੰਡੇਲਾ ਨੇ ਆਪਣੀ ਪੂਰੀ ਜ਼ਿੰਦਗੀ ਨਸਲਵਾਦ ਤੇ ਰੰਗ-ਭੇਦ ਦੀ ਦੁਨੀਆਂ ਵਿੱਚ ਆਮ ਗ਼ਰੀਬ ਆਦਮੀ ਦੀ ਪਛਾਣ ਸਥਾਪਤ ਕਰਨ ਲਈ ਲਗਾ ਦਿੱਤੀ। ਜ਼ਿੰਦਗੀ ਵਿੱਚ ਮੰਡੇਲਾ ਨੇ ਬਹੁਤ ਕੁਝ ਪ੍ਰਾਪਤ ਕੀਤਾ ਪਰ ਵਿਸ਼ਵ ਇਤਿਹਾਸ ਵਿੱਚ ਉਹ ਮੁਕਤੀ ਦੇ ਲੋਕਤੰਤਰੀ ਯੋਧਾ ਦੇ ਰੂਪ ਵਿੱਚ ਸਫ਼ਲ ਹੋਇਆ। ਲੰਮੇ ਸੰਘਰਸ਼ਾਂ ਦੀ ਦਾਸਤਾਨ ਬਣੇ ਮੰਡੇਲਾ ਦਾ ਕੱਲ੍ਹ ਰਾਤੀਂ ਫੇਫੜਿਆਂ ਵਿੱਚ ਇਨਫੈਕਸ਼ਨ ਨਾਲ ਦੇਹਾਂਤ ਹੋ ਗਿਆ। ਮੰਡੇਲਾ ਇੱਕ ਸੱਚੇ ਗਾਂਧੀਵਾਦੀ ਸਨ, ਜਿਨ੍ਹਾਂ ਆਪਣੀ ਹਿੰਮਤ ਅਤੇ ਜੁਝਾਰੂ ਸੰਘਰਸ਼ ਨਾਲ ਹਿੰਸਾ ਤੇ ਅਹਿੰਸਾ ਵਿੱਚੋਂ ਆਪਣਾ ਰਸਤਾ ਬਣਾਇਆ ਤੇ ਅਫ਼ਰੀਕੀ ਲੋਕਾਂ ਨੂੰ ਸਦੀਆਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਇਆ।

ਮੰਡੇਲਾ ਨੂੰ ਪੂਰੀ ਦੁਨੀਆਂ ਵਿੱਚ ਇਸ ਲਈ ਵੀ ਯਾਦ ਕੀਤਾ ਜਾਵੇਗਾ ਕਿ ਉਹ ਪਹਿਲੇ ਅਜਿਹੇ ਨੇਤਾ ਸਨ ਜਿਨ੍ਹਾਂ ਦੇ ਅੰਦਰ ਮਾਨਵੀ ਰਿਸ਼ਤਿਆਂ ਦਾ ਅਥਾਹ ਸਮੁੰਦਰ ਸੀ। ਉਹ ਹਮੇਸ਼ਾਂ ਵਿਸ਼ਵ ਚਰਚਾ ਵਿੱਚ ਰਹੇ, ਚਾਹੇ ਉਹ ਅੰਦੋਲਨ ਦੀ ਰਾਹ ਹੋਵੇ, ਜੇਲ੍ਹ ਦਾ 27 ਸਾਲਾਂ ਦਾ ਸਫ਼ਰ। ਉਹ ਕੌਮਾਂਤਰੀ ਪ੍ਰੇਰਨਾ ਪੁਰਸ਼ ਬਣੇ ਜਿਸ ਵਿੱਚ ਜ਼ਿੰਦਗੀ ਦੇ ਜੀਵਨ ਸੰਘਰਸ਼ ਦੀ ਲੰਮੀ ਲੜਾਈ ਲੜਨ ਦਾ ਜਜ਼ਬਾ, ਹਿੰਮਤ ਤੇ ਹੌਸਲਾ ਸੀ। ਨੈਲਸਨ ਮੰਡੇਲਾ ਦਾ ਸਮੁੱਚਾ ਜੀਵਨ ਰਾਸ਼ਟਰ ਭਗਤੀ ਅਤੇ ਬਹਾਦਰੀ ਦੀ ਅਹਿਮ ਤਸਵੀਰ ਹੈ, ਤਾਂ ਹੀ ਤਾਂ ਮੰਡੇਲਾ ਬਾਰੇ ਕਿਹਾ ਗਿਆ ਹੈ:

'ਮੰਡੇਲਾ ਇੱਕ ਵਿਸ਼ਾਲ ਵੱਟ ਬਿਰਖ਼ ਦੀ ਤਰ੍ਹਾਂ ਹੈ ਜਿਸਦੀ ਛਾਂ ਵਿੱਚ ਪੂਰੀ ਧਰਤੀ ਦੇ ਆਦਮੀ ਸ਼ਾਂਤੀ ਪ੍ਰਾਪਤ ਕਰਦੇ ਹਨ।' ਮੰਡੇਲਾ ਨੇ ਇਹ ਸਾਬਤ ਕਰ ਦਿੱਤਾ ਕਿ ਜੰਗ ਹਥਿਆਰਾਂ ਤੋਂ ਬਿਨਾਂ ਵੀ ਲੜੀ ਅਤੇ ਜਿੱਤੀ ਜਾ ਸਕਦੀ ਹੈ। ਉਨ੍ਹਾਂ ਆਪਣੀ ਜੀਵਨ 'ਲਾਂਗਵਾਕ ਟੂ ਫਰੀਡਮ' ਲਿਖ ਕੇ ਸਭ ਕੁਝ ਬਿਆਨ ਕੀਤਾ ਹੈ। ਉਨ੍ਹਾਂ ਦੀ ਜੀਵਨੀ ਪੜ੍ਹਦਿਆਂ ਹਰ ਵਾਰ ਇੱਕ ਨਵੇਂ ਨੈਲਸਨ ਮੰਡੇਲਾ ਦੇ ਦਰਸ਼ਨ ਹੁੰਦੇ ਹਨ। ਇੱਕ ਮਹਾਂਮਾਨਵ ਕੀ ਹੁੰਦਾ ਹੈ, ਇਹ ਉਨ੍ਹਾਂ ਦੀ ਜੀਵਨੀ ਪੜ੍ਹ ਕੇ ਹੀ ਪਤਾ ਲੱਗਦਾ ਹੈ। ਅਸਲ ਵਿੱਚ ਮੰਡੇਲਾ ਤਾਂ ਉਸ ਜੰਗਲ ਦੇ ਫੁੱਲ ਸਨ ਜਿੱਥੇ ਆਜ਼ਾਦੀ ਹੀ ਆਜ਼ਾਦੀ ਹੈ। ਇਹ ਮਹਾਨ ਮਨੁੱਖ 18 ਜੁਲਾਈ, 1918 ਨੂੰ ਮਾਵੇਜ਼ੋ ਪ੍ਰਾਂਤ ਵਿੱਚ ਪੈਦਾ ਹੋਇਆ ਸੀ। ਦੱਖਣੀ ਅਫ਼ਰੀਕਾ ਦਾ ਇਹ ਪਿੰਡ ਅੱਜ ਵੀ ਪਛੜਿਆ ਹੋਇਆ ਹੈ। ਪਿਤਾ ਗਾਦਲਾ ਹੇਨਰੀ ਫਾਕਾਨਿਸਵਾ ਅਤੇ ਮਾਂ ਫੈਨੀ ਦੀ ਇਸ ਔਲਾਦ ਦਾ ਪੂਰਾ ਨਾਮ ਰੋਲ੍ਹਿਲ੍ਹਾਲਾ ਮੰਡੇਲਾ ਰੱਖਿਆ ਗਿਆ, ਜੋ ਬਾਅਦ ਵਿੱਚ ਮੰਡੇਲਾ ਨਾਂ ਨਾਲ ਪ੍ਰਸਿੱਧ ਹੋਇਆ। ਨੈਲਸਨ ਦਾ ਧਾਰਮਿਕ ਨਾਂ ਮਦੀਬਾ ਸੀ। ਅਫ਼ਰੀਕਾ ਦੇ ਥੈਂਬੂ ਕਬੀਲੇ ਦੇ ਇਸ ਬਾਲਕ ਨੇ ਦੁਨੀਆਂ ਦੀ ਤਹਿਜ਼ੀਬ ਅਤੇ ਰਾਜਨੀਤੀ ਹੀ ਬਦਲ ਦਿੱਤੀ। ਮੰਡੇਲਾ ਨੇ ਤਿੰਨ ਸ਼ਾਦੀਆਂ ਕੀਤੀਆਂ। ਪਹਿਲੀ ਪਤਨੀ ਮਾਸੇ 1944-1958 ਤਕ, ਵਿੰਨੀ 1996 ਤਕ ਤੇ ਫਿਰ ਅੰਤਿਮ ਛਿਣਾਂ ਦੀ ਸਹਿਯੋਗੀ ਗਰੇਸਾ ਮਿਸ਼ੇਲ 1998 ਵਿੱਚ ਉਸ ਦੀ ਜੀਵਨ-ਸਾਥਣ ਬਣੀ।

27 ਵਰ੍ਹਿਆਂ ਦੀ ਜੇਲ੍ਹ ਯਾਤਰਾ ਵਿੱਚ ਮੰਡੇਲਾ ਨੇ ਆਪਣੀ ਜ਼ਿੰਦਗੀ ਦੇ ਸਾਹਾਂ ਅਤੇ ਜਿਸਮ 'ਤੇ ਬਹੁਤ ਕੁਝ ਸਹਿਆ। ਪਚਾਨਵੇਂ ਵਰ੍ਹਿਆਂ ਦੇ ਆਪਣੇ ਲੰਮੇ ਜੀਵਨ-ਕਾਲ ਵਿੱਚ ਮੰਡੇਲਾ ਆਪਣੇ ਅਤੇ ਵਿਸ਼ਵ ਦੇ ਲੋਕਾਂ ਦੀ ਆਵਾਜ਼ ਬਣੇ। ਰੰਗ-ਭੇਦ ਦੀ ਵਿਸ਼ਾਲ ਤਾਕਤ ਪੱਛਮੀ ਸਾਮਰਾਜ ਅਤੇ ਆਪਣੇ ਦੇਸ਼ ਦੀ ਸਦੀਆਂ ਦੀ ਜ਼ਾਲਮ ਸਰਕਾਰ ਨਾਲ ਲੋਹਾ ਲੈ ਕੇ ਫਿਰ ਜ਼ਿੰਦਾ ਰਹਿਣ ਦਾ ਸਾਹਸ ਕਰਨਾ ਕੋਈ ਮੰਡੇਲਾ ਦੇ ਜੀਵਨ ਤੋਂ ਸਿੱਖ ਸਕਦਾ ਹੈ। ਵਿਸ਼ਵ ਇਤਿਹਾਸ ਵਿੱਚ ਬਹੁਤ ਘੱਟ ਅਜਿਹੇ ਲੋਕ ਹਨ ਜਿਨ੍ਹਾਂ ਨੇ ਇਸ ਤਰ੍ਹਾਂ ਦਾ ਇਤਿਹਾਸ ਰਚਿਆ ਹੈ। ਅਫ਼ਰੀਕਾ ਦੇ ਪ੍ਰਧਾਨ ਨੇ ਕਿਹਾ, "ਅਸੀਂ ਹਰ ਅਫ਼ਰੀਕੀ 'ਚ ਮੰਡੇਲਾ ਦਾ ਜਜ਼ਬਾ ਵੇਖ ਰਹੇ ਹਾਂ। ਅਸੀਂ ਆਪਣਾ ਸਭ ਤੋਂ ਪਿਆਰਾ ਬੇਟਾ ਖੋ ਦਿੱਤਾ ਹੈ।"

ਮੰਡੇਲਾ ਨੂੰ 250 ਤੋਂ ਜ਼ਿਆਦਾ ਵਿਸ਼ਵ ਸਨਮਾਨ ਦਿੱਤੇ ਗਏ ਸਨ, ਜੋ ਉਨ੍ਹਾਂ ਦੇ ਜਜ਼ਬੇ ਤੇ ਆਜ਼ਾਦੀ ਦੀ ਲੜਾਈ ਦੇ ਹੌਸਲੇ ਨੂੰ ਸਲਾਮ ਹੈ। ਸਾਲ 1995 ਵਿੱਚ ਅਫ਼ਰੀਕੀ ਨੈਸ਼ਨਲ ਕਾਂਗਰਸ ਨੇ ਮੰਡੇਲਾ ਨੂੰ 'ਵਿਸ਼ਵ ਧਰੋਹਰ' ਤੇ 'ਜ਼ਿੰਦਾ ਮਸੀਹਾ' ਕਿਹਾ ਸੀ। ਮੰਡੇਲਾ ਨੂੰ ਸਾਲ 1993 ਵਿੱਚ ਸ਼ਾਂਤੀ ਦਾ ਨੋਬਲ ਪੁਰਸਕਾਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਦੁਨੀਆਂ ਦਾ ਸਭ ਤੋਂ ਸਾਹਸੀ ਵਿਅਕਤੀ ਕਿਹਾ ਗਿਆ ਸੀ। ਭਾਰਤ ਸਰਕਾਰ ਨੇ ਸਾਲ 1991 ਵਿੱਚ ਨੈਲਸਨ ਮੰਡੇਲਾ ਨੂੰ 'ਭਾਰਤ ਰਤਨ' ਨਾਲ ਨਿਵਾਜਿਆ ਸੀ। ਅਫ਼ਰੀਕਾ ਦੇ ਪ੍ਰਧਾਨ ਦੀ ਸੇਵਾਮੁਕਤੀ ਤੋਂ ਬਾਅਦ ਨੈਲਸਨ ਮੰਡੇਲਾ ਟੀ.ਬੀ. ਵਰਗੀਆਂ ਬੀਮਾਰੀਆਂ ਦੀ ਰੋਕਥਾਮ ਲਈ ਕੰਮ ਕਰਦੇ ਰਹੇ। ਉਨ੍ਹਾਂ ਕਰੋੜਾਂ ਲੋਕਾਂ ਦੀ ਲੋਕ ਭਲਾਈ ਦੀਆਂ ਯੋਜਨ-ਾਵਾਂ ਨੂੰ ਮੂਰਤ ਰੂਪ ਦਿੱਤਾ।

ਇੱਕ ਖ਼ਤ ਵਿੱਚ ਉਹ ਆਪਣੀ ਪਤਨੀ ਨੂੰ ਸੰ-ਬੋਧਨ ਕਰਦਿਆਂ ਲਿਖਦੇ ਹਨ:

"ਵਿੰਨੀ, ਤੇਰੇ ਪਿਆਰ ਦਾ ਮੇਰੇ 'ਤੇ ਕਰਜ਼ ਹੈ। ਤੇਰੀ ਫੋਟੋ ਵੇਖ ਕੇ ਮੈਨੂੰ ਪਰਿਵਾਰ ਨਾਲ ਮੋਹ ਹੋਰ ਵੀ ਤਾਜ਼ਾ ਹੋ ਗਿਆ ਹੈ। ਜਿਨ੍ਹਾਂ ਲੋਕਾਂ ਦੀ ਆਪਣੀ ਕੋਈ ਆਤਮਾ ਨਹੀਂ ਹੁੰਦੀ, ਉਨ੍ਹਾਂ ਨੂੰ ਪਿਆਰ ਦੀ ਕੋਈ ਵੀ ਪਰਿਭਾਸ਼ਾ ਚੰਗੀ ਨਹੀਂ ਲਗਦੀ।"

1 ਜੂਨ 1970- "ਅੱਜ ਅੱਠ ਵਰ੍ਹੇ ਹੋ ਗਏ ਹਨ, ਜਦੋਂ ਤੋਂ ਮੈਂ ਤੁਹਾਨੂੰ ਸਾਰੇ ਲੋਕਾਂ ਨੂੰ ਨਹੀਂ ਵੇਖਿਆ। ਪਿਛਲੇ ਇੱਕ ਸਾਲ ਤੋਂ ਮੈਨੂੰ ਚਿੰਤਾ ਹੈ ਕਿ ਤੂੰ ਸਕੂਲ ਦੀਆਂ ਛੁੱਟੀਆਂ ਕਿੱਥੇ ਮਨਾਉਂਦੀ ਏਂ। ਲਗਾਤਾਰ ਖ਼ਤ ਲਿਖਣ ਦਾ ਇੱਕ ਫ਼ਾਇਦਾ ਇਹ ਹੈ ਕਿ ਮੈਂ ਤੁਹਾਡੇ ਨਾਲ ਜੁੜਿਆ ਰਹਿੰਦਾ ਹਾਂ। ਆਜ਼ਾਦੀ ਤੋਂ ਬਿਨਾਂ ਕੁਝ ਵੀ ਪਸੰਦ ਨਹੀਂ ਹੈ।"

1 ਜੁਲਾਈ 1969- ਆਪਣੀ ਪਹਿਲੀ ਪਤਨੀ ਨੂੰ ਇੱਕ ਖ਼ਤ ਵਿੱਚ ਮੰਡੇਲਾ ਨੇ ਲਿਖਿਆ:

"ਮੈਂ ਤੇਰੇ ਪੁੱਤਰ ਦੀ ਸ਼ਾਦੀ ਵਿੱਚ ਸ਼ਾਮਲ ਨਹੀਂ ਹੋ ਸਕਿਆ, ਮੈਨੂੰ ਅਫ਼ਸੋਸ ਹੋਇਆ। ਤੇਰੇ ਸਾਰੇ ਜ਼ਖ਼ਮ ਮੇਰੇ ਨੇ, ਮੈਂ ਉਨ੍ਹਾਂ 'ਚ ਸ਼ਾਮਲ ਹੁੰਦਾ ਹਾਂ। ਇਸ ਨਾਲ ਤੈਨੂੰ ਤਾਕਤ ਮਿਲੇਗੀ।"

26 ਅਕਤੂਬਰ 1976

"ਮੈਂ ਜੇਲ੍ਹ ਵਿੱਚ ਰੇਗਿਸਤਾਨ ਦੀ ਤਰ੍ਹਾਂ ਸਖ਼ਤ ਤੇ ਸੁੱਕਾ ਹੋ ਗਿਆ ਹਾਂ। ਰੇਤ ਹੀ ਰੇਤ ਹੈ, ਕੋਈ ਹਵਾ ਤੇ ਪਾਣੀ ਦੀ ਥਾਂ ਨਹੀਂ ਹੈ। ਤੁਹਾਡੀਆਂ ਚਿੱਠੀਆਂ ਨਹੀਂ ਮਿਲਦੀਆਂ ਤਾਂ ਲੱਗਦਾ ਹੈ ਰੇਗਿਸਤਾਨ ਹੋਰ ਸੁੱਕਾ ਤੇ ਨਿਰਮੋਹੀ ਹੋ ਗਿਆ ਹੈ।"

ਅੰਤ ਵਿੱਚ ਮੰਡੇਲਾ ਦੀ ਇੱਕ ਕਵਿਤਾ ਦੀ ਵੰਨਗੀ ਵੇਖੀ ਜਾ ਸਕਦੀ ਹੈ:

"ਮੇਰੀ ਝੌਂਪੜੀ ਦਾ ਅੰਡੇ ਵਰਗਾ ਆਕਾਰ
ਉਦੋਂ ਮੈਂ ਇਹੀ ਸਮਝਦਾ ਸੀ
ਕਿ ਇਹ ਹੀ ਮੇਰਾ ਸੰਸਾਰ ਹੈ।
ਮੇਰਾ ਘਰ-
ਸਿਰਫ਼ ਜੇਲ੍ਹ ਹੈ-
ਮੈਂ ਆਕਾਸ਼ 'ਚ ਖੰਭ ਪਸਾਰ ਕੇ ਉੱਡਣਾ ਚਾਹੁੰਦਾ ਹਾਂ।
ਇਹ ਸੰਭਵ ਹੈ-
ਜਦੋਂ ਮੈਂ ਪਿੰਡ ਤੋਂ ਬਾਹਰ ਆਇਆ-
ਦੁਨੀਆਂ ਤਾਂ ਜੇਲ੍ਹ 'ਚ ਵੀ ਹੈ
ਤੇ ਪੂਰੀ ਜੇਲ੍ਹ ਪੂਰੀ ਦੁਨੀਆਂ-
ਮੈਂ ਝੌਂਪੜੀ 'ਚ ਪੈਦਾ ਹੋਇਆ
ਇਹ ਹੀ ਸਾਰਾ ਸੰਸਾਰ ਹੈ।

ਮੰਡੇਲਾ ਆਪਣੀ ਜੀਵਨੀ ਵਿੱਚ ਲਿਖਦੇ ਹਨ ਕਿ ਚੂਨੇ ਪੱਥਰ ਦੀ ਖਾਦਾਨ 'ਚ ਕੰਮ ਕਰਦਿਆਂ ਜ਼ਿੰਦਗੀ ਦੀ ਰਾਹ ਦਾ ਅੰਦਾਜ਼ਾ ਹੋਇਆ।

ਕਾਂਡ ਪਹਿਲਾ

# ਸਵੈਜੀਵਨੀ: ਛਾਂਗਿਆ ਰੁੱਖ



ਬਲਵੀਰ ਮਾਧੋਪੁਰੀ
91-935-054-8100



ਇਹ ਪੁਸਤਕ ਮੈਂ ਆਪਣੇ ਪੂਜਨੀਕ ਮਾਤਾ ਤੇ ਪਿਤਾ ਜੀ ਨੂੰ ਸਮਰਪਤ ਕਰਦਾ ਹਾਂ, ਜਿਨ੍ਹਾਂ ਉਮਰ ਭਰ ਹਨੇਰਾ ਢੋਂਦਿਆਂ ਮੈਨੂੰ ਵਿੱਦਿਆ ਦਾ ਚਾਨਣ ਬਖ਼ਸ਼ਿਆ। – (ਮਾਧੋਪੁਰੀ)

ਸਵੈਜੀਵਨੀ 'ਛਾਂਗਿਆ ਰੁੱਖ' ਲਿਖਣ ਦਾ ਮੈਨੂੰ ਨਾ ਚਾਣਚੱਕ ਫ਼ੁਰਨਾ ਫ਼ੁਰਿਆ ਤੇ ਨਾ ਹੀ ਇਸ ਦਾ ਵਿਚਾਰ ਕਦੇ ਮੇਰੇ ਚਿੱਤ-ਚੇਤੇ ਆਇਆ। ਇਸ ਦਾ ਸਬੱਬ ਸਹਿਜ ਤੇ ਸਾਧਾਰਣ ਹੈ। ਗੱਲ ਇਉਂ ਹੋਈ; ਇਕ ਹਿੰਦੀ ਤ੍ਰੈ-ਮਾਸਿਕ ਵਿਚ ਇਕ ਲੇਖਕ ਦੀ ਆਤਮ-ਕਥਾ ਦਾ ਅੰਸ਼ ਛਪਿਆ। ਪੜ੍ਹਨ ਪਿੱਛੋਂ ਮੈਂ ਤੁਰਤ ਆਪਣੇ ਹਿੰਦੀ ਭਾਸ਼ੀ ਦਲਿਤ ਚਿੰਤਕ ਤੇ ਮਿੱਤਰ ਐਸ.ਐਸ. ਗੌਤਮ ਕੋਲ ਟਿੱਪਣੀ ਕੀਤੀ, 'ਇਸ ਵਿਚ ਨਾ ਮਹੱਤਵਪੂਰਨ ਘਟਨਾ ਹੈ ਤੇ ਨਾ ਹੀ ਗੰਭੀਰ ਵਿਚਾਰ – ਇਸ ਤੋਂ ਸੰਘਣੀਆਂ ਤੇ ਔਕੜਾਂ ਭਰੀਆਂ ਸਮੱਸਿਆਵਾਂ ਤੇ ਘਟਨਾਵਾਂ ਮੇਰੇ ਤੇ ਮੇਰੇ ਪਰਿਵਾਰ ਨਾਲ ਬੀਤੀਆਂ ਹਨ। ਪੇਸ਼ਕਾਰੀ ਨਾਲ ਸਹਿਮਤ ਹੋਣਾ ਤਾਂ ਦੂਰ ਦੀ ਗੱਲ ਹੈ।' ਉਸ ਨੇ ਦੋ ਟੁੱਕ ਸ਼ਬਦਾਂ ਵਿਚ ਕਿਹਾ, 'ਆਪ ਇਸ ਸੇ ਬੇਹਤਰ ਲਿਖ ਸਕਤੇ ਹੋ ਤੋ ਲਿਖੋ।' ਮੈਂ ਕੱਚਾ ਜਿਹਾ ਹੋ ਕੇ ਰਹਿ ਗਿਆ। ਉਹ ਦੋ-ਤਿੰਨ ਮਹੀਨਿਆਂ ਵਿਚ ਇਕ-ਦੋ ਵਾਰ ਆਪਣੀ ਗੱਲ ਮੈਨੂੰ ਯਾਦ ਕਰਾਉਂਦਾ। ਮੈਂ ਸ਼ਸ਼ੋਪੰਜ ਵਿਚ ਘੇਸਲ ਮਾਰ ਕੇ ਗੱਲ ਕੰਨਾਂ ਪਿੱਛੇ ਸੁੱਟ ਰੱਖੀ। ... ਤੇ ਆਖ਼ਿਰ 'ਮੇਰੀ ਦਾਦੀ-ਇਕ ਇਤਿਹਾਸ' ਲਿਖ ਕੇ ਭਾਪਾ ਪ੍ਰੀਤਮ ਸਿੰਘ ਜੀ ਨੂੰ ਛਾਪਣ ਲਈ ਦੇ ਆਇਆ। ਉਨ੍ਹਾਂ ਹੋਰ ਮੈਟਰ ਰੋਕ ਕੇ 'ਆਰਸੀ' ਦੇ ਦਸੰਬਰ 1997 ਦੇ ਅੰਕ ਵਿਚ ਛਾਪ ਦਿੱਤਾ ਤੇ ਨਾਲ ਹੀ ਸਲਾਹ ਦਿੱਤੀ, 'ਸਵੈਜੀਵਨੀ ਲਿਖ, ਮੈਂ ਛਾਪਾਂਗਾ।' ਦਿਨਾਂ ਅੰਦਰ ਹੀ ਪ੍ਰਸਿੱਧ ਗਲਪਕਾਰਾ ਅਜੀਤ ਕੌਰ ਦਾ ਅਕੈਡਮੀ ਆਫ਼ ਫ਼ਾਈਨ ਆਰਟਸ ਐਂਡ ਲਿਟਰੇਚਰ ਤੋਂ ਫ਼ੋਨ ਆਇਆ ਜਿਸ ਦੇ ਉਹ ਬਾਨੀ ਪ੍ਰਧਾਨ ਹਨ। ਉਨ੍ਹਾਂ ਭਰਵੀਂ ਪ੍ਰਸੰਸਾ ਕੀਤੀ। ਮੈਨੂੰ ਅਕੈਡਮੀ ਦੀਆਂ ਮਾਸਿਕ ਸਾਹਿਤਕ ਇਕੱਤਰਤਾਵਾਂ ਵਿਚ ਪੰਜਾਬੀ ਦੇ ਪ੍ਰਤਿਨਿਧ ਲੇਖਕ ਵਜੋਂ ਪੇਸ਼ ਕੀਤਾ ਜਾਣ ਲੱਗਾ। ਉਨ੍ਹਾਂ ਦੂਰਦਰਸ਼ਨ ਤੇ ਲਿਖਤੀ ਮੁਲਾਕਾਤਾਂ ਵਿਚ ਮੇਰੇ ਨਜ਼ਰੀਏ ਦੀ ਵਡਿਆਈ ਕੀਤੀ। ਮੇਰਾ ਹੌਸਲਾ ਵਧਿਆ ਤੇ ਮੈਂ ਆਪਣੀ ਜੀਵਨੀ ਲਿਖਣ ਵਲ ਵਧੇਰੇ ਰੁਚਿਤ ਹੋਇਆ।

ਮੈਂ ਆਪਣੇ-ਆਪੇ ਨੂੰ ਪਰਤ ਦਰ ਪਰਤ ਉਧੇੜਦਾ – ਸਵੈ ਨਾਲ ਸੰਵਾਦ ਰਚਾਉਂਦਾ, ਆਪੇ ਦੀ ਪਛਾਣ ਦੀ ਤਲਾਸ਼ ਕਰਦਾ ਤਾਂ ਲਿਖਣ ਦਾ ਮਨ ਬਣਾਉਂਦਾ। ਸੱਚ ਜਾਣਿਓਂ, ਕਈ ਜੀਵਨੀ ਵੇਰਵਿਆਂ ਨੂੰ ਜਦੋਂ ਮੈਂ ਲਿਖ ਕੇ ਖ਼ੁਦ ਹੀ ਪੜ੍ਹਿਆ ਤਾਂ ਮੇਰੀਆਂ ਅੱਖਾਂ ਵਿਚ ਪਾਣੀ ਤੇ ਗੱਚ ਭਰ ਆਇਆ। ਪੜ੍ਹਦਿਆਂ-ਪੜ੍ਹਦਿਆਂ ਕਈ ਵਾਰ ਰੁਕਣਾ ਪਿਆ। ਸੋਚਦਾ ਕਿ ਮੇਰੇ ਪੁਰਖਿਆਂ ਨੇ ਕਿੰਨੇ ਦੁੱਖ ਝੱਲੇ ਹੋਣਗੇ!

ਕੁਝ ਜੀਵਨੀ ਲੇਖ ਸਿਰਜਣਾ, ਸ਼ਬਦ, ਪ੍ਰੀਤਲੜੀ, ਨਵਾਂ ਜ਼ਮਾਨਾ, ਕਲਾ ਸਿਰਜਕ ਆਦਿ ਵਿਚ ਛਪੇ ਤਾਂ ਚੋਟੀ ਦੇ ਲੇਖਕਾਂ ਦੇ ਫ਼ੋਨ ਤੇ ਖ਼ਤ ਆਏ ਕਿ ਖ਼ੁਸ਼ੀ ਦੀ ਗੱਲ ਹੈ ਕਿ ਇਸ ਵਿਸ਼ੇ 'ਤੇ ਤੂੰ ਲਿਖ ਰਿਹੈਂ – ਪਹਿਲਾਂ ਇਹ ਰੜਾ-ਮੈਦਾਨ ਸੀ। ਅਜਿਹੀਆਂ ਦਿਲ-ਵਧਾਊ ਟਿੱਪਣੀਆਂ ਨੇ ਇਹ ਪੁਸਤਕ ਛਪਵਾਉਣ ਲਈ ਮੈਨੂੰ ਉਤਸ਼ਾਹਿਤ ਕੀਤਾ, ਨਹੀਂ ਤਾਂ ਕੁਝ ਕੁ ਲੇਖਕਾਂ ਦਾ ਸੁਝਾਅ ਸੀ ਕਿ ਅਜੇ ਸਵੈਜੀਵਨੀ ਲਿਖਣ ਦੀ ਉਮਰ ਨਹੀਂ ਤੇ ਅਜਿਹੀਆਂ ਸਾਹਿਤਕ ਪ੍ਰਾਪਤੀਆਂ ਵੀ ਨਹੀਂ ਜਿਨ੍ਹਾਂ ਦੇ ਬਹਾਨੇ ਪੁਸਤਕ ਛਪਵਾਈ ਜਾਵੇ। ਸ਼ਾਇਦ ਇਨ੍ਹਾਂ ਗੱਲਾਂ ਦੀ ਦੁਬਿਧਾ ਤੇ ਵਕਤ ਦੀ ਘਾਟ ਕਰ ਕੇ ਮੈਨੂੰ ਆਪਣੀ ਜੀਵਨੀ ਲਿਖਣ ਲਈ ਤਕਰੀਬਨ 4-5 ਸਾਲ ਲੱਗ ਗਏ। ਹਾਂ, ਸਵੈਜੀਵਨੀ ਵਿ-ਚਲੀਆਂ ਘਟਨਾਵਾਂ ਸੌ ਫ਼ੀਸਦੀ ਸੱਚ ਹਨ ਤੇ ਦੋ ਪਾਤਰਾਂ ਦੇ ਨਾਂ ਉਨ੍ਹਾਂ ਦੀ ਪ੍ਰਚਲਿਤ ਅੱਲ ਵਜੋਂ ਹੀ ਰੱਖੇ ਹਨ। ਗੱਲ ਦੀ ਲੜੀ ਤੇ ਤਰਤੀਬ ਕਾਇਮ ਰੱਖਣ ਲਈ ਨਾਂ-ਮਾਤਰ ਕਲਪਨਾ ਦਾ ਸਹਾਰਾ ਲਿਆ ਹੈ ਤਾਂ ਕਿ ਪ੍ਰਸੰਗਿਕਤਾ ਬਰਕਰਾਰ ਰਹੇ। ਕੱਥ ਤੇ ਵੱਥ ਨੂੰ ਆਪਣੇ ਪੇਂਡੂ ਮਾਹੌਲ ਤੇ ਸੱਭਿਆਚਾਰ ਅਨੁਸਾਰ ਰੱਖਣ ਲਈ ਮੈਂ ਕੋਈ ਉਚੇਚ ਨਹੀਂ ਕੀਤੀ ਤੇ ਇਸੇ ਵਿੱਚੋਂ ਜੀਵਨੀ ਲਿਖਣ ਦਾ ਮੰਤਵ ਉੱਭਰਦਾ ਹੈ ਕਿ ਦਲਿਤ ਭਾਈਚਾਰੇ ਕੋਲ ਗਰੀਬੀ ਦੀ ਵਿਰਾਸਤ ਸਣੇ ਉਸ ਨਾਲ ਪੈਰ-ਪੈਰ 'ਤੇ ਹੁੰਦੀਆਂ ਵਧੀਕੀਆਂ ਦੇ ਕਰੂਰ ਯਥਾਰਥ ਤੋਂ ਆਪਣੇ ਸਮਕਾਲੀਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣੂ ਕਰਾਵਾਂ। ਜੀਵਨੀ ਲਿਖਦਿਆਂ ਇਕ ਗੱਲ ਮੇਰੇ ਧਿਆਨ ਵਿਚ ਨਿਰੰਤਰ ਰਹੀ ਕਿ ਉਨ੍ਹਾਂ ਸਮੱਸਿਆਵਾਂ, ਘਟਨਾਵਾਂ ਨੂੰ ਬਿਨਾਂ ਉਲਾਰ ਤੇ ਉਪ-ਭਾਵੁਕ ਹੋਇਆਂ ਪੇਸ਼ ਕਰਾਂ ਜਿਨ੍ਹਾਂ ਦੀ ਸਮਾਜਿਕ-ਆਰਥਿਕ ਦ੍ਰਿਸ਼ਟੀ ਤੋਂ ਸਾਰਥਿਕਤਾ ਹੈ ਤੇ ਮੇਰੇ ਨਾਲ ਉਨ੍ਹਾਂ ਦਾ ਗੂੜ੍ਹਾ ਵਾਸਤਾ ਹੈ। ਇਉਂ ਸਮਾਜ ਦੀਆਂ ਵੱਡੀਆਂ ਸਮੱਸਿਆਵਾਂ ਨਾਲ ਜੂਝਦਿਆਂ ਆਪਣਾ ਛੋਟਾ ਜਿਹਾ ਯਤਨ ਪੇਸ਼ ਕਰ ਰਿਹਾ ਹਾਂ ਜੋ ਮੇਰੀ ਉਮਰ ਦੇ 45 ਵਰ੍ਹਿਆਂ (ਸੰਨ 2000 ਤਕ) ਨੂੰ ਆਪਣੇ ਘੇਰੇ ਹੇਠ ਲੈਂਦਾ ਹੈ।

ਖ਼ਿਆਲ ਆਉਂਦਾ ਹੈ ਕਿ ਪਹਿਲਾਂ ਛਟਾਲਾ ਹੁੰਦਾ ਸੀ – ਫਿਰ ਬਰਸੀਨ ਆ ਗਿਆ। ਲਾਲ ਚੌਲਾਂ ਵਾਲੀ ਮੁੰਜੀ ਦੀ ਥਾਂ ਚਿੱਟੇ ਚੌਲਾਂ ਦੀਆਂ ਵਧੇਰੇ ਝਾੜ ਵਾਲੀਆਂ ਬੇਸ਼ੁਮਾਰ ਜਿਣਸਾਂ ਆ ਗਈਆਂ। ਕਣਕਾਂ-ਕਪਾਹਾਂ ਤੇ ਹੋਰ ਫ਼ਸਲਾਂ ਵਿਚ ਵੱਡੇ ਪਰਿਵਰਤਨ ਹੋ ਗਏ ਹਨ। ਰੇਗਿਸਤਾਨ ਹਰੇ-ਭਰੇ ਹੋ ਰਹੇ ਹਨ – ਉੱਚੇ ਪਹਾੜਾਂ ਨੂੰ ਢਾਹ ਲਾ ਕੇ ਲੋਕ ਹਿੱਤ ਲਈ ਸੁਰੰਗਾਂ ਕੱਢੀਆਂ ਜਾ ਰਹੀਆਂ ਹਨ। ਵਿਗਿਆਨ ਤੇ ਤਕਨਾਲੋਜੀ ਨੇ ਸਮਾਜ ਦੀ ਤਸਵੀਰ ਬਦਲ ਦਿੱਤੀ ਹੈ ਤੇ ਭਾਰਤ ਦੇ ਬਹੁਜਨਾਂ ਦੇ ਜੀਵਨ ਵਿਚ ਕਿੰਨੀ ਕੁ ਤਬਦੀਲੀ ਆਈ ਹੈ? ਸੋਚਦਾ ਹਾਂ ਕਿ ਦਲਿਤ ਵਰਗ ਦੇ ਖ਼ਿਲਾਫ਼ ਸਾਜ਼ਿਸ਼ਾਂ ਦੇ ਰਚਨਕਾਰਾਂ ਵਿਰੁੱਧ ਪ੍ਰਗਤੀਸ਼ੀਲ ਬੁੱਧੀਜੀਵੀ ਕਿਉਂ ਮੌਨ ਧਾਰ ਕੇ ਬੈਠੇ ਹਨ? ਸਮਾਜਿਕ-ਆਰਥਿਕ ਪਰਿਵਰਤਨ ਸੰਭਵ ਹੈ – ਕੋਸ਼ਿਸ਼ ਵਜੋਂ, ਇਸ ਇਮਾਰਤ ਦੀ ਨੀਂਹ ਵਿਚ ਮੈਂ ਵੀ ਇਕ ਪੱਥਰ ਰੱਖ ਰਿਹਾ ਹਾਂ। ਪੰਜਾਬੀ ਦੇ ਜਿਨ੍ਹਾਂ ਵਿਦਵਾਨਾਂ, ਲੇਖਕਾਂ ਤੇ ਆਲੋਚਕਾਂ ਨੇ ਮੇਰੇ ਜੀਵਨੀ-ਉੱਦਮ, ਬੋਲੀ-ਭਾਸ਼ਾ ਤੇ ਦ੍ਰਿਸ਼ਟੀਕੋਣ ਦਾ ਭਰਪੂਰ ਸਮਰਥਨ ਕੀਤਾ, ਉਨ੍ਹਾਂ ਸਭਨਾਂ ਸ਼ਖ਼ਸੀਅਤਾਂ ਦਾ ਸ਼ੁਕਰੀਆ ਅਦਾ ਕਰਨਾ ਮੇਰੀ ਨੈਤਿਕ ਜ਼ਿੰਮੇਵਾਰੀ ਹੈ। 'ਛਾਂਗਿਆ ਰੁੱਖ' ਵਿਚਲੇ ਕੁਝ ਸ਼ਬਦ-ਸੰਦਰਭਾਂ ਨੂੰ ਹੋਰ ਨਿਖਾਰਨ ਵਿਚ ਮੇਰੀ ਪਤਨੀ ਹਰਜਿੰਦਰ ਕੌਰ ਨੇ ਕਈ ਪਾਇਦਾਰ ਸੁਝਾਅ ਦਿੱਤੇ ਤੇ ਪੁਸਤਕ ਦੇ ਲਿਖੇ ਜਾਣ ਵਿਚ ਪਹਿਲਾਂ ਵਾਂਗ ਭਰਵਾਂ ਸਹਿਯੋਗ ਦਿੱਤਾ। ਮੇਰੇ ਕੁਲੀਗ ਵਿਜੇ ਸਿੰਘ ਨੇ ਪੁਸਤਕ ਖਰੜਾ ਕੰਪੋਜ਼ ਕਰਦਿਆਂ ਮੇਰੇ ਵਲੋਂ ਕਾਂਟ-ਛਾਂਟ ਨੂੰ ਖਿੜੇ-ਮੱਥੇ ਸੋਧਿਆ ਤੇ ਕਈ ਰਾਵਾਂ ਦਿੱਤੀਆਂ। ਮੈਂ ਉਸ ਦਾ ਧੰਨ-ਵਾਦੀ ਹਾਂ। ਆਪਣੇ ਅਤਿ ਸਤਿਕਾਰਯੋਗ ਭਾਪਾ ਪ੍ਰੀਤਮ ਸਿੰਘ ਜੀ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਮੇਰੀਆਂ ਕਿਰਤਾਂ ਨੂੰ ਹਮੇਸ਼ਾ ਵਰਨਣਯੋਗ ਹੁਲਾਰਾ ਦਿੱਤਾ ਤੇ ਹਥਲੀ ਪੁਸਤਕ ਛਾਪ ਕੇ ਮੈਨੂੰ ਆਪਣਾ ਥਾਪੜਾ ਦਿੱਤਾ। ਇਹ ਪੁਸਤਕ ਮੈਂ ਆਪਣੇ ਪੂਜਨੀਕ ਮਾਤਾ ਤੇ ਪਿਤਾ ਜੀ ਨੂੰ ਸਮਰਪਤ ਕਰਦਾ ਹਾਂ, ਜਿਨ੍ਹਾਂ ਉਮਰ ਭਰ ਹਨੇਰਾ ਢੋਂਦਿਆਂ ਮੈਨੂੰ ਵਿੱਦਿਆ ਦਾ ਚਾਨਣ ਬਖ਼ਸ਼ਿਆ।

ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼, ਖ-24,
ਹੌਜ਼ ਖ਼ਾਸ, ਨਵੀਂ ਦਿੱਲੀ -110016
ਟਾਈਪਸੈਟਿੰਗ ਅਤੇ ਛਾਪਕ: ਜਨਤਕ ਪ੍ਰੈੱਸ,
ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ – 110 006

ਲੇਖਕ ਦੀਆਂ ਹੋਰ ਪੁਸਤਕਾਂ

1. ਆਦਿ ਧਰਮ ਦੇ ਬਾਨੀ – ਗ਼ਦਰੀ ਬਾਬਾ ਮੰਗੂ ਰਾਮ – 2010
2. ਮਾਰੂਥਲ ਦਾ ਬਿਰਖ (ਕਾਵਿ ਸੰਗ੍ਰਹਿ)
3. ਭਖਦਾ ਪਤਾਲ (ਕਾਵਿ ਸੰਗ੍ਰਹਿ)
4. ਦਿੱਲੀ ਇਕ ਵਿਰਾਸਤ (ਇਤਿਹਾਸਕ ਯਾਦਗਾਰਾਂ)
5. ਸਮੁੰਦਰ ਦੇ ਸੰਗ-ਸੰਗ (ਸਫ਼ਰਨਾਮਾ)
6. ਦਿੱਲੀ ਦੇ ਦਸ ਇਤਿਹਾਸਕ ਗੁਰਦੁਆਰੇ
7. ਸਾਹਿਤਕ ਮੁਲਾਕਾਂਤਾਂ

ਅਨੁਵਾਦ- 1. ਐਡਵਿਨਾ ਤੇ ਨਹਿਰੂ (ਇਤਿਹਾਸਕ ਨਾਵਲ), ਕੈਥਰੀਨ ਕਲੈਮਾ
2. ਲੱਜਾ (ਨਾਵਲ), ਤਸਲੀਮਾ ਨਸਰੀਨ
3. ਸਭਿਆਚਾਰਕ ਵਿਆਹਾਂ ਨਾਲ ਸੰਬੰਧਤ ਮਸਲੇ; ਟੂਲੀਆ ਡੇਵਿਡ ਬਸੋਵਾ
4. ਨਾਟਕਾਂ ਦੇ ਦੇਸ਼ ਵਿਚ
5. ਸਮੁੰਦਰ ਦੇ ਟਾਪੂ (ਹਿੰਦੀ ਕਹਾਣੀਆਂ)
6. ਸ਼ਹੀਦਾਂ ਦੇ ਖ਼ਤ
7. ਕ੍ਰਾਂਤੀਕਾਰੀਆਂ ਦਾ ਬਚਪਨ
8. ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
9. ਚਿੱਟਾ ਘੋੜਾ
10. ਪਰਮੇਸ਼ਰ ਦੇ ਪਾਸੇ ਲੱਗੋ
11. ਪਾਣੀ (ਰਮਨ)
12. ਨੀਲੀ ਝੀਲ (ਕਮਲੇਸ਼ਵਰ)
13. ਡਾਇਬਟੀਜ਼ ਦੇ ਸੰਗ, ਜੀਣ ਦਾ ਢੰਗ
14. ਮਨੁੱਖ ਦੀ ਕਹਾਣੀ
15. ਡਾ. ਬੀ. ਆਰ. ਅੰਬੇਡਕਰ – ਆਪ ਬੀਤੀਆਂ ਤੇ ਯਾਦਾਂ
15. ਮਨ ਦੀ ਦੁਨੀਆਂ
17. ਗੁਰੂ ਰਵਿਦਾਸ ਦੀ ਮੂਲ ਵਿਚਾਰਧਾਰਾ
18. ਬੁੱਧ ਤੇ ਉਨ੍ਹਾਂ ਦਾ ਧੰਮ
19. ਕ੍ਰਾਂਤੀਦੂਤ ਅਜ਼ੀਮਉੱਲਾ ਖ਼ਾਂ
20. ਮੇਰਾ ਬਚਪਨ ਮੇਰੇ ਮੋਢੇ (ਸਵੈਜੀਵਨੀ : ਸ਼ਿਓਰਾਜ ਸਿੰਘ ਬੇਚੈਨ)
21. ਨਵਾਬ ਰੰਗੀਲੇ (ਐਨ ਬੀ ਟੀ)
22. ਰਾਜਕਮਲ ਚੌਧਰੀ ਸੰਕਲਿਤ ਕਹਾਣੀਆਂ
23. ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ

ਸੰਪਾਦਨ 33 ਪੁਸਤਕਾਂ

(ਸਵੈ ਜੀਵਨੀ 'ਛਾਂਗਿਆ ਰੁੱਖ' ਅਗਲੀ ਕੜੀ ਅਗਲੀ ਕੜੀ ਅਗਲੇ ਅੰਕ ਵਿਚ)

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਨੂੰ ਨਵੇਂ ਸਾਲ 2014 ਦੀਆਂ ਲੱਖ-ਲੱਖ ਵਧਾਈਆਂ




ਅਰਦਾਸ ਕਰਦੇ ਹਾਂ ਕਿ ਆਪ ਸਭ ਲਈਂ ਨਵਾਂ ਸਾਲ ਖੁਸ਼ੀਆਂ ਖੇੜੇ ਲੈ ਕੇ ਆਵੇ

ਗੁਰੂ ਘਰ ਦਾ ਫੋਨ ਨੰਬਰ: 530-674-2564



ਸ੍ਰੀ ਗੁਰੂ ਰਵਿਦਾਸ ਜੀ

**ਸਮੂਹ ਪ੍ਰਬੰਧਕ ਕਮੇਟੀ**

**1480 Hayne Ave, Yuba City CA 95993**


ਪੁਸਤਕ ਸਮੀਖਿਆ

# ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ



ਅਰੁਨ ਕੁਮਾਰ, ਬੈਡਫੋਰਡ, ਯੂ. ਕੇ.

ਲੇਖਕ:
ਸਿਰਦਾਰ ਕਪੂਰ ਸਿੰਘ,
ਸਾਬਕਾ ਆਈ ਸੀ ਐਸ
ਸੰਪਾਦਕ- ਸ. ਜੈਤੇਗ ਸਿੰਘ ਅਨੰਤ ਪ੍ਰਕਾਸ਼ਕ: ਇੰਡੀਅਨ ਬੁਧਿਸਟ ਸੁਸਾਇਟੀ, ਕੈਨੇਡਾ ਅਤੇ ਪੰਜਾਬੀ ਅਦਬੀ ਸੰਗਤ ਲਿਟਰੇਰੀ ਸੁਸਾਇਟੀ ਆਫ ਕੈਨੇਡਾ
ਮੂਲ : 200/- ਰੁਪਏ, ਕੇਨੇਡਾ ਅਤੇ ਅਮਰੀਕਾ 15 ਡਾਲਰ, ਇੰਗਲੈਂਡ 8 ਪੌਂਡ
ਮਿਲਣ ਦਾ ਪਤਾ: ਹਰਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰਸਟ, 1004, ਸੈਕਟਰ 40ਬੀ, ਚੰਡੀਗੜ੍ਹ-160036
ਸ. ਜੈਤੇਗ ਸਿੰਘ ਅਨੰਤ, 5858-138th Street, Surrey, BC, V3x 3P3, Canada

ਸਿਰਦਾਰ ਕਪੂਰ ਸਿੰਘ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ ਹਨ। ਉਹ ਵੀਹਵੀਂ ਸਦੀ ਵਿਚ ਸਿਖ ਕੌਮ ਦੇ ਮਹਾਨ ਵਿਦਵਾਨ, ਚਿੰਤਕ ਅਤੇ ਲੇਖਕ ਹੋਏ ਹਨ। ਉਹ ਫਾਰਸੀ, ਉਰਦੂ, ਸੰਸਕ੍ਰਿਤ, ਪੰਜਾਬੀ, ਹਿੰਦੀ ਅਤੇ ਕਈ ਹੋਰ ਭਾਸ਼ਾਵਾਂ ਦੇ ਗਿਆਤਾ ਸਨ। ਆਧੁਨਿਕ ਪੰਜਾਬੀ ਸਾਹਿਤ ਵਿਚ ਸਰਦਾਰ ਕਪੂਰ ਸਿੰਘ ਜੀ ਦਾ ਇਕ ਨਵੇਕਲਾ ਸਥਾਨ ਹੈ। ਉਹ ਇਕ ਕਵੀ ਹੀ ਨਹੀਂ ਸਨ ਸਗੋਂ ਵਾਰਤਿਕ ਸ਼ੈਲੀ ਵਿਚ ਵੀ ਨਿਪੁੰਨ ਲੇਖਕ ਸਨ।ਉਨਾਂ ਦੇ ਨਿਬੰਧਾਂ ਨੇ ਸਿਰਦਾਰ ਕਪੂਰ ਸਿੰਘ ਜੀ ਨੂੰ ਉਚ ਕੋਟੀ ਦੇ ਨਿਬੰਧ ਲੇਖਕਾਂ ਦੀ ਕਤਾਰ ਵਿਚ ਖੜੇ ਕਰ ਦਿੱਤਾ ਹੈ। ਸਾਹਿਤਕ ਪੱਖ ਤੋਂ ਬੇਸ਼ਕ ਉਸ ਨੇ ਪੰਜਾਬੀ ਵਿਚ ਥੋੜਾ ਲਿਖਿਆ ਹੈ ਪਰ ਜੋ ਲਿਖਿਆ ਹੈ ਉਹ ਹੋਰਨਾਂ ਤੋਂ ਵਖਰਾ ਅਤੇ ਵਿਲੱਖਣ ਭਰਪੂਰ ਹੈ। 'ਸਪਤ ਸਿੰਗ', 'ਪੁੰਦ੍ਰੀਕ' ਅਤੇ 'ਸਾਚੀ ਸਾਖੀ' ਜੇਹੀਆਂ ਉਚ ਮਿਆਰ ਦੀਆਂ ਪੁਸਤਕਾਂ ਰਾਹੀ ਸਿਰਦਾਰ ਕਪੂਰ ਸਿੰਘ ਨੇ ਵਾਰਤਕ ਸ਼ੈਲੀ ਵਿਚ ਜੋ ਬੁਲੰਦੀਆਂ ਪ੍ਰਾਪਤ ਕੀਤੀਆਂ ਹਨ ਉਹ ਸ਼ਾਇਦ ਹੀ ਕਿਸੇ ਹੋਰ ਪੰਜਾਬੀ ਦੇ ਲੇਖਕ ਦੀ ਝੋਲੀ ਪਈਆਂ ਹੋਣ। 'ਸਪਤ ਸਿੰਗ' ਪੁਸਤਕ ਕਈ ਵਰ੍ਹੇ ਪੰਜਾਬੀ ਦੀ ਐਮ ਏ ਦੀ ਜਮਾਤ ਵਿਚ ਪੜਾਈ ਜਾਂਦੀ ਰਹੀ ਹੈ।

'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਬੁੱਧ ਧਰਮ ਉਪਰ ਸਿਰਦਾਰ ਕਪੂਰ ਸਿੰਘ ਵਲੋਂ ਵੱਖ 2 ਸਮੇਂ ਲਿਖੇ ਵੱਖ ਵੱਖ ਪੁਸਤਕਾਂ ਅਤੇ ਰਸਾਲਿਆਂ ਵਿਚੋਂ ਲਏ ਗਏ ਚੋਣਵੇਂ ਨਿਬੰਧਾਂ ਦਾ ਸੰਗਰਹਿ ਹੈ ਜਿਨ੍ਹਾਂ ਨੂੰ ਪਹਿਲੀ ਵਾਰ ਇਕ ਪੁਸਤਕ ਦਾ ਰੂਪ ਦਿੱਤਾ ਗਿਆ ਹੈ। ਪਹਿਲਾ 'ਮਹਾਤਮਾਂ ਬੁੱਧ' ਸਰਦਾਰ ਕਪੂਰ ਸਿੰਘ ਜੀ ਦੀ ਲਿਖੀ ਪੁਸਤਕ 'ਸਪਤ ਸਿੰਗ', ਦੂਸਰਾ 'ਧੱਮਪਦ' ਪੁਸਤਕ 'ਪੁੰਦ੍ਰੀਕ' ਅਤੇ ਤੀਸਰਾ 'ਇਕ ਸਿਖ ਦਾ ਬੁੱਧ ਨੂੰ ਪ੍ਰਣਾਮ' ਪ੍ਰੋਫੈਸਰ ਮੋਹਨ ਸਿੰਘ ਵਲੋਂ ਕਢੇ ਜਾਂਦੇ ਰਸਾਲੇ 'ਪੰਜ ਦਰਿਆ' ਦੇ ਜੁਲਾਈ 1956 ਦੇ ਅੰਕ ਵਿਚੋਂ ਲਿਆ ਗਿਆ ਹੈ। ਇਸ ਪੁਸਤਕ ਦਾ ਸੰਪਾਦਨ ਕੈਨੇਡਾ ਦੇ ਰਾਜ ਬਰਿਟਿਸ਼ ਕੋਲੰਬੀਆ ਦੇ 'ਸਰੀ' ਸ਼ਹਿਰ ਦੇ ਵਾਸੀ ਸਿੱਖ ਬੁਧੀ ਜੀਵੀ, ਲੇਖਕ ਅਤੇ ਚਿੰਤਕ ਸਰਦਾਰ ਜੈਤੇਗ ਸਿੰਘ ਅਨੰਤ ਨੇ ਕੀਤਾ ਹੈ।ਸੰਪਾਦਕ ਨੇ ਇਹ ਦਾਹਵਾ ਕੀਤਾ ਹੈ ਕਿ ਲੇਖਕ ਦੀਆਂ ਰਚਨਾਵਾਂ ਵਿਚ ਕਿਸੇ ਤਰ੍ਹਾਂ ਦੀ ਛੇੜ ਛਾੜ ਜਾਂ ਸ਼ਬਦਾਵਲੀ ਵਿਚ ਅਦਲ ਬਦਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ।


ਪੁਸਤਕ ਵਿਚ ਛਪੇ ਲੇਖਾਂ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਲੇਖਕ ਨੇ ਆਪਣੀਆਂ ਰਚਨਾਵਾਂ ਵਿਚ ਮਹਾਤਮਾਂ ਬੁੱਧ ਅਤੇ ਬੁੱਧ ਮਤ ਪ੍ਰਤੀ ਅਥਾਹ ਸ਼ਰਧਾ, ਸਨੇਹ, ਸਤਿਕਾਰ ਅਤੇ ਪਿਆਰ ਪ੍ਰਗਟ ਕੀਤਾ ਹੈ। ਗੈਰ ਬੋਧੀ ਹੋਣ ਦੇ ਬਾਵਜੂਦ ਜਿਸ ਸ਼ਿਦਤ ਨਾਲ ਇਹ ਰਚਨਾ ਰਚੀ ਗਈ ਹੈ ਉਹ ਸਾਹਿਤਕ ਪਿੜ ਵਿਚ ਇਕ ਮੀਲ ਪੱਥਰ ਹੈ। ਬੇਸ਼ਕ ਕਈ ਹੋਰ ਸਿੱਖ ਵਿਦਵਾਨਾਂ ਨੇ ਵੀ ਬੁੱਧ ਧਰਮ ਤੇ ਟਾਵੀਂ 2 ਕਲਮ ਚਲਾਈ ਹੈ ਪਰ ਜਿਸ ਮੇਹਨਤ ਅਤੇ ਖੋਜ ਨਾਲ ਸਿਰਦਾਰ ਕਪੂਰ ਸਿੰਘ ਜੀ ਨੇ ਲਿਖਿਆ ਹੈ ਸ਼ਾਇਦ ਹੀ ਉਸ ਦਾ ਕੋਈ ਹੋਰ ਸਾਹਨੀ ਹੋਵੇ।ਸਿਰਦਾਰ ਕਪੂਰ ਸਿੰਘ ਜੀ ਨੇ ਆਪਣੀਆਂ ਲਿਖਤਾਂ ਰਾਹੀਂ ਮਹਾਤਮਾਂ ਬੁੱਧ ਦੇ ਫਲਸਫੇ ਉਪਰ ਕਈ ਪਹਿਲੂਆਂ ਤੇ ਚਾਨਣਾ ਪਾਇਆ ਹੈ ਜਿਨ੍ਹਾਂ ਦੀ ਜਾਣਕਾਰੀ ਸ਼ਾਇਦ ਹੀ ਪਾਠਕਾਂ ਨੂੰ ਪਹਿਲਾਂ ਹੋਵੇ। ਉਸ ਨੇ ਨਾ ਸਿਰਫ ਬੁੱਧ ਧਰਮ ਦੇ ਇਤਿਹਾਸ ਨੂੰ ਪੜ੍ਹਿਆ ਹੈ ਸਗੋਂ ਵਿਸ਼ਵ ਦੇ ਸਾਰੇ ਪੁਰਾਣੇ ਅਤੇ ਨਵੀਨ ਧਰਮਾਂ ਦਾ ਡੂੰਘਾ ਅਧਿਅਨ ਵੀ ਕੀਤਾ ਹੈ ਅਤੇ ਥਾਂ-ਥਾਂ ਬੁੱਧ ਮਤ ਅਤੇ ਦੂਜੇ ਧਰਮਾਂ ਵਿਚ ਸਮਾਨਤਾ ਅਤੇ ਵਿਰੋਧ ਦਾ ਢੁਕਵਾ ਉਲੇਖ ਕੀਤਾ ਹੈ। ਜਿਸ ਸੂਝ ਬੂਝ ਨਾਲ ਬੋਧੀ ਅਸੂਲਾਂ ਅਤੇ ਸਿੱਖ ਸਿਧਾਂਤਾਂ ਵਿਚ ਇਕ ਸੁਰਤਾ ਨੂੰ ਉਜਾਗਰ ਕੀਤਾ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਲੇਖਕ ਨੇ ਇਸ ਸਮਾਨਤਾ ਨੂੰ ਦਰਸਾਉਂਣ ਵਾਸਤੇ ਮਹਾਤਮਾਂ ਬੁੱਧ ਅਤੇ ਉਸ ਦੇ ਮਤ ਦਾ ਜ਼ਿਕਰ ਕਰਦਿਆਂ ਨਾਲ 2 ਗੁਰਮਤ ਨਾਲ ਸੰਬਧਤ ਅਤੇ ਗੁਰਬਾਣੀ ਵਿਚੋਂ ਅਨੇਕਾਂ ਉਦਾਹਰਣਾ ਦਿੱਤੀਆਂ ਹਨ। ਕਈ ਵਾਰ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਬੁੱਧ ਧਰਮ ਜੋ ਸੈਂਕੜੈ ਵਰ੍ਹੇ ਪਹਿਲਾਂ ਭਾਰਤ ਵਿਚੋਂ ਅਲੋਪ ਹੋ ਗਿਆ ਸੀ ਉਸ ਨੇ ਮੁੜ ਤੋਂ ਸਿੱਖ ਧਰਮ ਦੇ ਸਰੂਪ ਵਿਚ ਜਨਮ ਲਿਆ ਹੈ। ਇਥੋਂ ਤਕ ਕਿ 'ਸਿੱਖ' ਸ਼ਬਦ ਵੀ ਸਭ ਤੋਂ ਪਹਿਲਾਂ ਬੋਧੀ ਸਾਹਿਤ ਵਿਚ ਹੀ ਮਿਲਦਾ ਹੈ।

ਪਹਿਲੇ ਲੇਖ 'ਮਹਾਤਮਾਂ ਬੁੱਧ' ਵਿਚ ਸਿਰਦਾਰ ਕਪੂਰ ਸਿੰਘ ਜੀ ਨੇ ਬੁੱਧ ਮਤ ਦੇ ਬਾਨੀ ਮਹਾਤਮਾਂ ਬੁੱਧ ਦੇ ਜੀਵਨ, ਸ਼ਖਸ਼ੀਅਤ, ਉਸ ਦੇ ਜੀਵਨ ਵਿਚ ਵਾਪਰੀਆਂ ਮੁੱਖ ਘਟਨਾਵਾਂ ਅਤੇ ਉਸ ਵਲੋਂ ਗੌਤਮ ਤੋਂ ਬੁੱਧ ਬਣਨ ਦਾ ਵਿਸਥਾਰ ਨਾਲ ਵੇਰਵਾ ਦਿੱਤਾ ਹੈ। ਬੁੱਧਮਤ ਦੇ ਧਾਰਮਿਕ ਗ੍ਰੰਥ 'ਧੱਮਪਦ' ਨੂੰ ਸੰਸਾਰ ਦੇ ਕੁਝ ਕੁ ਉਚ ਕੋਟੀ ਦੇ ਧਾਰਮਿਕ ਗ੍ਰਥਾਂ ਵਿਚੋਂ ਇਕ ਗਿਣਿਆ ਜਾਂਦਾ ਹੈ। ਲੇਖਕ ਨੇ ਇਸ ਗ੍ਰੰਥ ਨੂੰ ਪਾਲੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿਚ ਬਹੁਤ ਹੀ ਸੁਚੱਜੇ ਢੰਗ ਨਾਲ ਢਾਲਿਆ ਹੈ।ਇਸ ਲੇਖ ਵਿਚ ਹੀ ਪਾਠਕਾਂ ਦੀ ਜਾਣਕਾਰੀ ਵਾਸਤੇ ਬੁੱਧ ਦੇ ਫਲਸਫੇ ਅਤੇ ਬੁੱਧ ਧਰਮ ਦੇ ਵਿਕਾਸ ਅਤੇ ਉਸ ਦੀ ਗਿਰਾਵਟ ਨੂੰ ਬਹੁਤ ਹੀ ਰੋਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ।ਸਿਰਦਾਰ ਕਪੂਰ ਸਿੰਘ ਜੀ ਨੇ ਵੱਖ ਵੱਖ ਦੇਸ਼ਾਂ ਵਿਚ ਬੁੱਧ ਧਰਮ ਦੇ ਫੈਲਾ, ਵਿਕਾਸ ਅਤੇ ਉਨ੍ਹਾਂ ਦੇਸ਼ਾਂ ਦੀ ਸਭਿਅੱਤਾ ਉਪਰ ਬੁੱਧ ਧਰਮ ਦੇ ਪ੍ਰਭਾਵ ਬਾਰੇ ਵੀ ਖੋਜ ਭਰਪੂਰ ਜਾਣਕਾਰੀ ਦਿੱਤੀ ਹੈ।ਲੇਖਕ ਨੇ ਸਪੱਸ਼ਟ ਕੀਤਾ ਹੈ ਕਿ ਮਨੁੱਖੀ ਕਲਿਆਣਕਾਰੀ ਅਤੇ ਪ੍ਰਚਾਰਕ ਰੁਚੀਆਂ ਹੋਣ ਕਾਰਣ ਹੀ ਬੁੱਧ ਧਰਮ ਵੱਖ ਵੱਖ ਦੇਸ਼ਾਂ ਵਿਚ ਫੈਲ ਸਕਿਆ। ਗਿਆਨ ਪ੍ਰਾਪਤੀ ਤੋਂ ਬਾਦ ਗੌਤਮ ਬੁੱਧ ਨੇ ਆਪਣੇ ਚੇਲਿਆਂ ਨੂੰ ਇੱਕਠੇ ਕਰ ਕੇ ਬਚਨ ਕੀਤੇ, ਉਜਾਓ! ਦੇਸ਼ ਵਿਚ ਭ੍ਰਮਣ ਕਰੋ, ਬਹੁਤਿਆਂ ਦੇ ਲਾਭ ਲਈ, ਬਹੁਤਿਆਂ ਦੇ ਭਲੇ ਲਈ ਤੇ ਬਹੁਤਿਆਂ ਦੇ ਕਲਿਆਣ ਲਈ। ਜਿਸ ਰਾਹ ਉਤੇ ਇਕ ਤੁਰੇ, ਉਸ ਉੱਤੇ ਦੂਜਾ ਨਾ ਤੁਰੇ। ਇਉਂ ਸੰਸਾਰ ਵਿਚ ਭ੍ਰਮਣ ਲਈ ਤੁਰੋ, ਧਰਮ ਦਾ ਚਕਰ ਚਲਾਓ ਜਿਸ ਦਾ ਆਦਿ ਕਲਿਆਣਕਾਰੀ ਹੈ, ਜਿਸ ਦਾ ਮੱਧ ਕਲਿਆਣਕਾਰੀ ਹੈ ਅਤੇ ਜਿਸ ਦਾ ਅੰਤ ਕਲਿਆਣਕਾਰੀ ਹੈ"।ਇਹੋ ਕਲਿਆਣਕਾਰੀ ਉਪਦੇਸ਼ ਸਿੱਖ ਧਰਮ ਵਿਚ 'ਸਰਬਤ ਦਾ ਭਲਾ' ਬਣ ਗਿਆ।

ਸਿਰਦਾਰ ਕਪੂਰ ਸਿੰਘ ਜੀ ਬੁਧ ਧਰਮ ਅਤੇ ਸਿੱਖ ਧਰਮ ਦੀ ਸਮਾਨਤਾ ਨੂੰ ਦਰਸਾਉਂਦੇ ਹੋਏ ਲਿਖਦੇ ਹਨ, ਉਖਾਲਸਾ ਪੰਥ ਦੀ ਅੰਤਮ ਰੂਪ ਰੇਖਾ ਬੰਨ੍ਹਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਗੌਤਮ ਬੁੱਧ ਅਤੇ ਬੋਧੀ ਸੰਘ ਦੀ ਰਹੁ ਰੀਤ ਦੀ ਸਪਸ਼ਟ ਪਰ ਬਿਨਾਂ ਨਾਂ ਲਏ ਦੇ ਸਿੱਧੀ ਸੋਭਾ ਕੀਤੀ। ਜਿਵੇਂ ਸਾਰਨਾਥ ਵਿਚ ਧਰਮ ਚਕਰ ਦਾ ਪ੍ਰਾਰੰਭ ਕਰਨ ਸਮੇਂ ਗੌਤਮ ਬੁੱਧ ਨੇ ਬੋਧੀ ਸੰਘ ਦੀ ਨੀਂਹ ਪੰਜ ਭਿਖੂ ਦੀਕਸ਼ਤ ਕਰਕੇ ਰੱਖੀ ਸੀ, ਇਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਪੰਜ ਪਿਆਰੇ ਥਾਪ ਕੇ ਰੱਖੀ"। ਬੁੱਧ ਮੱਤ ਅਤੇ ਸਿੱਖ ਮੱਤ ਦਾ ਸਾਂਝਾ ਸਿਧਾਂਤ ਹੈ ਕਿ ਸਭਿਅੱਤਾ ਅਤੇ ਸਮਾਜਿਕ ਉਨੱਤੀ ਦੀ ਅਗਵਾਈ ਤੇ ਰਖਿਆ ਵਿਅੱਕਤੀ ਨਾ, ਸਗੋਂ ਪੰਚਾਇਤ ਕਰੇ। ਬੁੱਧ ਧਰਮ ਵਿਚ ਇਹ ਪੰਚਾਇਤ ਭਿਖੂ ਸੰਘ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਸੰਗਤ ਦਾ ਨਾਮ ਦਿੱਤਾ। ਮਹਾਂਨਿੱਬਾਨਸੂਤ ਵਿਚ ਅੰਕਤ ਹੋਏ ਬਚਨਾ ਅਨੁਸਾਰ ਬੁੱਧ ਦੇ ਉਪਦੇਸ਼ ਹੀ ਬੁੱਧ ਦਾ ਸ਼ੁਧ ਰੂਪ ਹਨ ਅਤੇ ਸੰਘ ਹੀ ਉਨ੍ਹਾਂ ਦਾ ਵਾਹਨ ਹੈ। ਇਨ ਬਿਨ ਇਹੋ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੱਚਖੰਡ ਗਮਨ ਸਮੇਂ ਨੰਦੇੜ ਵਿਚ ਉਚਾਰਨ ਕੀਤੇ, ਉਸੱਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ"।ਉਸ ਨੇ ਅੱਗੇ ਲਿਖਿਆ ਹੈ ਕਿ ਉਬੋਧੀ ਵਿਚਾਰਧਾਰਾ, ਸ਼ਿਲਪ, ਮੂਰਤੀ ਕਲਾ ਆਦਿ ਵਿਚ ਜੋ ਚਕਰ ਦੇ ਚਿੰਨ ਦੀ ਮਹਾਨਤਾ ਤੇ ਗੌਰਵ ਹੈ, ਉਹ ਸਭ ਜਾਣਦੇ ਹਨ ਖਾਲਸੇ ਦੇ ਰਾਜਸੀ ਚਿੰਨਾਂ ਅਤੇ ਪਹਿਰਾਵੇ ਵਿਚ ਵੀ ਚਕਰ ਇਕ ਖਾਸ ਅਸਥਾਨ ਰੱਖਦਾ ਹੈ"।

ਲੇਖਕ ਨੇ ਬੁੱਧ ਧਰਮ ਅਤੇ ਸਿੱਖ ਮੱਤ ਦੇ ਕੇਵਲ ਬਾਹਰੀ ਰੂਪ ਦਾ ਵਰਨਣ ਹੀ ਨਹੀਂ ਕੀਤਾ ਸਗੋਂ ਦੋਹਾਂ ਧਰਮਾਂ ਵਿਚ ਆਪਸੀ ਪਿਆਰ, ਕਰੂਣਾ, ਦਇਆ, ਆਪਸੀ ਭਾਈਚਾਰੇ ਦੇ ਅਧਾਰਤ ਸਮਾਜ ਨੂੰ ਸਿਰਜਣ ਦੀ ਬਰਾਬਰ ਸੇਧ ਹੈ, ਉਸ ਉਪਰ ਵੀ ਚਰਚਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਵਿਚ ਵਿਚ ਅੰਕਤ ਸ੍ਰੀ ਗੁਰੂ ਰਵਿਦਾਸ ਜੀ ਦੇ ਸ਼ਲੋਕ 'ਬੇਗਮ ਪੁਰਾ ਸਹਰ ਕੋ ਨਾਉ' ਵਿਚ ਜਿਸ ਅਨੰਦਮਈ ਅਵਸਥਾ ਦਾ ਸਪਨਾ ਦੇਖਿਆ ਗਿਆ ਹੈ ਅਜੇਹਾ ਹੀ 'ਸੁਚਵੱਟੀ-ਵਿਯੂਹ ਤੇ ਸੁਧਰਮ-ਪੁੰਡਰੀਕ' ਬੋਧੀ ਗ੍ਰੰਥਾਂ ਵਿਚ ਵੀ ਅਜੇਹੇ ਹੀ 'ਸਵਰਗ ਦਾ ਮਨੋਰੰਜਕ ਅਤੇ ਦਿਲਕਸ਼ ਚਿੱਤਰ ਉਲੀਕਿਆ ਗਿਆ ਹੈ ਜਿਸ ਵਿਚ ਕੋਈ ਦੁੱਖ, ਕੋਈ ਕਲੇਸ਼ ਨਹੀਂ, ਤੇ ਜਿੱਥੇ ਕਦੇ ਨਾ ਅੰਤ ਹੋਣ ਵਾਲਾ ਸ਼ੁੱਧ ਸੁੱਖ ਹੈ"।

ਸੰਪਾਦਕ, ਸਰਦਾਰ ਜੈਤੇਗ ਸਿੰਘ ਅਨੰਤ ਨੇ ਸਿਰਦਾਰ ਕਪੂਰ ਸਿੰਘ ਜੀ ਦੇ ਲੇਖ ਦੇ ਅਧਾਰ ਤੇ ਇਸ ਪੁਸਤਕ ਦਾ ਸਿਰਲੇਖ ਬਹੁਤ ਹੀ ਢੁਕਵਾਂ ਰਖਿਆ ਹੈ ਜੋ ਕਿ ਸੰਪਾਦਕ ਦੀ ਸੂਝ ਬੂਝ ਦਾ ਪ੍ਰਗਟਾਵਾ ਹੈ। ਉਸ ਨੇ ਮਹਜਬੀ ਤੰਗ ਦਿਲੀ ਤੋਂ ਉਪਰ ਉਠ ਕੇ ਹਥਲੀ ਪੁਸਤਕ ਪਾਠਕਾਂ ਨੂੰ ਭੇਂਟ ਕੀਤੀ ਹੈ। ਅਜੇਹਾ ਸਾਹਿਤ ਮੌਜੂਦਾ ਸਮੇਂ ਦੀ ਬਹੁਤ ਜ਼ਰੂਰਤ ਸੀ। ਪੰਜਾਬੀ ਭਾਈਚਾਰਾ ਬੁੱਧ ਧਰਮ ਅਤੇ ਸਿੱਖ ਧਰਮ ਦੀਆਂ ਹੀ ਕਦਰਾਂ ਕੀਮਤਾਂ ਉਪਰ ਖੜਾ ਹੈ। ਇਸ ਪੁਸਤਕ ਨਾਲ ਆਮ ਵਿਅੱਕਤੀ ਵਾਸਤੇ ਇਨ੍ਹਾਂ ਬੁਨਿਆਦੀ ਕਦਰਾਂ ਕੀਮਤਾਂ ਨੂੰ ਸਮਝਣ ਵਿਚ ਅਸਾਨੀ ਹੋਵੇਗੀ।ਬੁੱਧ ਧਰਮ ਦਾ ਸਿਧਾਂਤ 'ਬਹੁਜਨ ਹਿਤਾਏ, ਬਹੁਜਨ ਸੁਖਾਏ' ਅਤੇ ਸਿੱਖ ਧਰਮ ਦਾ ਸਿਧਾਂਤ 'ਸਰਬਤ ਦਾ ਭਲਾ' ਮੌਜੂਦਾ ਪਦਾਰਥਵਾਦੀ, ਸਵਾਰਥੀ ਅਤੇ ਵਿਅੱਤੀਗਤ ਸਮਾਜ ਨੂੰ ਲੋਕਾਂ ਦੇ ਕਲਿਆਣ ਵਾਸਤੇ ਪ੍ਰੇਰਿਤ ਕਰੇਗਾ ਜਿਸ ਨਾਲ ਸਮਾਜ ਵਿਚ ਆਪਸੀ ਭਾਈਚਾਰਾ ਵਧੇਗਾ। ਇਹ ਪੁਸਤਕ ਸਿੱਖ ਸਮਾਜ ਅਤੇ ਸਮੂਹ ਪੰਜਾਬੀ ਭਾਈਚਾਰੇ ਵਾਸਤੇ ਬੁੱਧ ਮੱਤ ਅਤੇ ਸਿੱਖ ਧਰਮ ਨੂੰ ਸਮਝਣ ਵਿਚ ਬਹੁਤ ਹੀ ਸਹਾਈ ਹੋਵੇਗੀ।






ਸ੍ਰੀ ਗੁਰੂ ਰਵਿਦਾਸ ਟੈਂਪਲ (ਰਿਓ ਲਿੰਡਾ, ਕੈਲੀਫੋਰਨੀਆ) ਦੀ ਨਵੀਂ ਉਸਾਰੀ ਜਾਣ ਵਾਲੀ ਬਿਲਡਿੰਗ ਦਾ ਇਕ ਮਾਡਲ

# SHRI GURU RAVIDASS TEMPLE

## 6221- 16 th ST., RIO LINDA (SACRAMENTO) Calofornia 95673 USA

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਹਰ ਸਾਲ ਮਾਰਚ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਇਸ ਦਿਹਾੜੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਰਹਿਨੁਮਾਈ ਹੇਠ ਵਿਸ਼ਾਲ ਨਗਰ ਕੀਰਤਨ ਵੀ ਆਯੋਜਿਤ ਕੀਤਾ ਜਾਂਦਾ ਹੈ। ਗੁਰੂ ਰਵਿਦਾਸ ਜੀ ਦੀ ਆਪਾਰ ਕਿਰਪਾ ਸਦਕਾ ਹਰ ਸਾਲ ਜਿੱਥੇ ਸੰਗਤਾਂ ਦਾ ਗੁਰੂ ਘਰ ਨਾਲ ਵੱਡੀ ਗਿਣਤੀ ਵਿਚ ਜੁੜਨਾ ਅਤੇ ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ ਵਾਲੇ ਦਿਨ ਸੰਗਤਾਂ ਦਾ ਵੱਡੀ ਤਾਦਾਦ ਵਿਚ ਪਰਿਵਾਰਾਂ ਸਮੇਤ ਹਾਜ਼ਰੀ ਲਗਵਾਉਣੀ ਗੁਰੂ ਮਹਾਰਾਜ ਪ੍ਰਤੀ ਸੱਚੀ ਸ਼ਰਧਾ ਕਹੀ ਜਾ ਸਕਦੀ ਹੈ। ਇਹਨਾਂ ਸੰਗਤਾਂ ਵਿਚੋਂ ਕੁਝ ਗੁਰਸਿੱਖ ਪਰਿਵਾਰ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਵਿਸ਼ਾਲ ਨਗਰ ਕੀਰਤਨ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕਰਵਾਉਂਦੇ ਹਨ, ਜਿਹਨਾਂ ਦੀ ਲੜੀ ਇਸ ਸਾਲ ਦਸੰਬਰ 22 ਨੂੰ ਸ਼ੁਰੂ ਹੋਣ ਜਾ ਰਹੀ ਹੈ। 22 ਦਸੰਬਰ ਨੂੰ ਪਹਿਲੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰਮੁਖ ਪਰਿਵਾਰ ਸ: ਸਤਨਾਮ ਸਿੰਘ ਮੰਡਾਲੀ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਜਾ ਰਹੀ ਹੈ। ਅਖੰਡ ਪਾਠ ਸਾਹਿਬ ਸ਼ੁੱਕਰਵਾਰ 20 ਦਸੰਬਰ ਨੂੰ ਆਰੰਭ ਹੋਣ ਜਾ ਰਹੇ ਹਨ, ਜਿਹਨਾਂ ਦੇ 22 ਦਸੰਬਰ ਨੂੰ ਭੋਗ ਪਾਏ ਜਾਣਗੇ।

ਇਸ ਦੇ ਨਾਲ ਹੀ ਲੜੀਵਾਰ ਤਹਿਤ ਅਗਲੇ ਐਤਵਾਰ 29 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਉਘੇ ਸਮਾਜ ਸੇਵੀ ਤੇ ਬਿਜਨਸਮੈਨ ਮਨਜੀਤ ਕੁਮਾਰ ਸਪੁੱਤਰ ਮਾਸਟਰ ਅਮਰ ਨਾਥ ਭਾਰਦਵਾਜ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕਰਵਾਈ ਜਾ ਰਹੀ ਹੈ। ਅਖੰਡ ਪਾਠ ਸਾਹਿਬ 27 ਦਸੰਬਰ ਨੂੰ ਆਰੰਭ ਹੋਣਗੇ ਅਤੇ 29 ਦਸੰਬਰ ਨੂੰ ਭੋਗ ਪਾਏ ਜਾਣਗੇ। ਉਪਰੋਕਤ ਦੋਵੇਂ ਗੁਰਮੁਖ ਪਰਿਵਾਰਾਂ ਵੱਲੋਂ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਦਿਹਾੜੇ ਤੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। **ਹੋਰ ਜਾਣਕਾਰੀ ਲਈ 916-992-1710 ਤੇ ਸੰਪਰਕ ਕੀਤਾ ਜਾ ਸਕਦਾ ਹੈ।**



ਸਤਨਾਮ ਸਿੰਘ ਮੰਡਾਲੀ ਅਤੇ ਉਹਨਾਂ ਦਾ ਸਮੂਹ ਪਰਿਵਾਰ



ਮਨਜੀਤ ਕੁਮਾਰ ਅਤੇ ਉਹਨਾਂ ਦੀ ਸੁਪਤਨੀ ਨਰਿੰਦਰ ਕੁਮਾਰੀ

# ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੁਕਾਈ ਨੂੰ ਨਵੇਂ ਸਾਲ 2014 ਦੀਆਂ ਲੱਖ-ਲੱਖ ਵਧਾਈਆਂ



ਗਿਆਨੀ ਰਵਿੰਦਰ ਸਿੰਘ   ਮੱਖਣ ਸਿੰਘ ਬੈਂਸ



ਸ੍ਰੀ ਗੁਰੂ ਨਾਨਕ ਦੇਵ ਜੀ


Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food

Catering for All occasions up to 10000 guests

Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com